ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

12 ਜੇਠ ਸੰਨ ੨੦੨੬ Tuesday, 26 May

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਸਿੱਖ ਧਰਮ ਅਤੇ ਰਾਜਨੀਤੀ

ਸਿੱਖ ਧਰਮ ਦਾ ਜਨਮ ਪੰਦਰਵੀਂ ਸਦੀ ਵਿੱਚ ਉਸ ਸਮੇਂ ਹੋਇਆ ਜਦੋਂ ਭਾਰਤੀ ਸਮਾਜ ਧਾਰਮਿਕ ਅੰਧਵਿਸ਼ਵਾਸਾਂ, ਜਾਤ-ਪਾਤ, ਅਨਿਆਇ ਅਤੇ ਰਾਜਨੀਤਿਕ ਜ਼ੁਲਮਾਂ ਨਾਲ ਘਿਰਿਆ ਹੋਇਆ ਸੀ। ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ, ਸਮਾਨਤਾ ਅਤੇ ਸੱਚ ਦੇ ਆਧਾਰ 'ਤੇ ਇਕ ਨਵਾਂ ਜੀਵਨ-ਦਰਸ਼ਨ ਦਿੱਤਾ। ਸਿੱਖ ਧਰਮ ਸਿਰਫ਼ ਆਤਮਕ ਮਾਰਗ ਹੀ ਨਹੀਂ, ਸਗੋਂ ਸਮਾਜਕ ਅਤੇ ਰਾਜਨੀਤਿਕ ਜੀਵਨ ਨੂੰ ਵੀ ਸਹੀ ਦਿਸ਼ਾ ਦੇਣ ਵਾਲਾ ਧਰਮ ਹੈ। ਇਸ ਵਿੱਚ ਧਰਮ ਅਤੇ ਰਾਜਨੀਤੀ ਨੂੰ ਵੱਖ-ਵੱਖ ਨਹੀਂ ਮੰਨਿਆ ਗਿਆ, ਬਲਕਿ ਮਨੁੱਖੀ ਭਲਾਈ ਲਈ ਦੋਹਾਂ ਦੇ ਮਿਲਾਪ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਸਿੱਖ ਧਰਮ ਵਿੱਚ ਰਾਜਨੀਤੀ ਦਾ ਅਰਥ ਸਿਰਫ਼ ਸੱਤਾ ਪ੍ਰਾਪਤ ਕਰਨਾ ਨਹੀਂ, ਬਲਕਿ ਨਿਆਂ, ਧਰਮ, ਮਨੁੱਖੀ ਅਧਿਕਾਰਾਂ ਅਤੇ ਸਮਾਜਕ ਭਲਾਈ ਦੀ ਰੱਖਿਆ ਕਰਨਾ ਹੈ। ਇਸੇ ਕਾਰਨ ਸਿੱਖ ਇਤਿਹਾਸ ਵਿੱਚ ਗੁਰਾਂ ਤੋਂ ਲੈ ਕੇ ਮਿਸਲਾਂ, ਖ਼ਾਲਸਾ ਰਾਜ ਅਤੇ ਆਧੁਨਿਕ ਯੁੱਗ ਤੱਕ ਧਾਰਮਿਕਤਾ ਅਤੇ ਰਾਜਨੀਤਿਕ ਜ਼ਿੰਮੇਵਾਰੀ ਇਕੱਠੇ ਨਜ਼ਰ ਆਉਂਦੇ ਹਨ।ਸਿੱਖ ਧਰਮ ਦੀ ਬੁਨਿਆਦ ਅਤੇ ਸਮਾਜਕ ਚੇਤਨਾਗੁਰੂ ਨਾਨਕ ਦੇਵ ਜੀ ਨੇ "ਨਾ ਕੋ ਬੈਰੀ ਨਹੀਂ ਬਿਗਾਨਾ" ਅਤੇ "ਸਰਬੱਤ ਦਾ ਭਲਾ" ਦਾ ਸੰਦੇਸ਼ ਦੇ ਕੇ ਮਨੁੱਖਤਾ ਦੀ ਇਕਤਾ ਦਾ ਸਿਧਾਂਤ ਪੇਸ਼ ਕੀਤਾ। ਇਹ ਵਿਚਾਰ ਸਿਰਫ਼ ਆਤਮਕ ਉਪਦੇਸ਼ ਨਹੀਂ ਸਨ, ਸਗੋਂ ਸਮਾਜਕ ਅਤੇ ਰਾਜਨੀਤਿਕ ਸੁਧਾਰ ਦਾ ਆਧਾਰ ਵੀ ਸਨ। ਗੁਰੂ ਸਾਹਿਬ ਨੇ ਬਾਬਰ ਦੇ ਹਮਲਿਆਂ ਦੌਰਾਨ ਹੋਏ ਜ਼ੁਲਮਾਂ ਦੀ ਨਿੰਦਾ ਕਰਕੇ ਸੱਚ ਦੇ ਪੱਖ ਵਿੱਚ ਆਵਾਜ਼ ਉਠਾਈ। ਇਸ ਤਰ੍ਹਾਂ ਸਿੱਖ ਧਰਮ ਨੇ ਸ਼ੁਰੂ ਤੋਂ ਹੀ ਅਨਿਆਇ ਵਿਰੁੱਧ ਖੜ੍ਹੇ ਹੋਣ ਦੀ ਪ੍ਰੇਰਣਾ ਦਿੱਤੀ।ਸਿੱਖ ਧਰਮ ਵਿੱਚ "ਮੀਰੀ-ਪੀਰੀ" ਦਾ ਸਿਧਾਂਤ ਬਹੁਤ ਮਹੱਤਵਪੂਰਨ ਹੈ। ਇਹ ਸਿਧਾਂਤ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਤਾ।

ਮੀਰੀ ਦਾ ਅਰਥ ਰਾਜਸੀ ਜਾਂ ਸੰਸਾਰਕ ਸ਼ਕਤੀ ਹੈ ਅਤੇ ਪੀਰੀ ਦਾ ਅਰਥ ਆਤਮਕ ਸ਼ਕਤੀ ਹੈ। ਗੁਰੂ ਸਾਹਿਬ ਨੇ ਦੋ ਤਲਵਾਰਾਂ ਧਾਰਨ ਕਰਕੇ ਇਹ ਸੰਦੇਸ਼ ਦਿੱਤਾ ਕਿ ਧਾਰਮਿਕ ਜੀਵਨ ਅਤੇ ਸਮਾਜਕ-ਰਾਜਨੀਤਿਕ ਜ਼ਿੰਮੇਵਾਰੀ ਇਕ ਦੂਜੇ ਤੋਂ ਵੱਖ ਨਹੀਂ ਹਨ। ਜੇਕਰ ਧਰਮ ਮਨੁੱਖ ਨੂੰ ਸੱਚ ਅਤੇ ਨਿਆਂ ਦੀ ਸਿੱਖਿਆ ਦਿੰਦਾ ਹੈ ਤਾਂ ਰਾਜਨੀਤੀ ਉਸ ਨਿਆਂ ਨੂੰ ਸਮਾਜ ਵਿੱਚ ਲਾਗੂ ਕਰਨ ਦਾ ਸਾਧਨ ਬਣਦੀ ਹੈ।ਗੁਰੂ ਸਾਹਿਬਾਨ ਅਤੇ ਰਾਜਨੀਤਿਕ ਚੇਤਨਾਸਿੱਖ ਗੁਰੂਆਂ ਨੇ ਸਮੇਂ ਦੀਆਂ ਜ਼ਾਲਿਮ ਤਾਕਤਾਂ ਦੇ ਸਾਹਮਣੇ ਡਟ ਕੇ ਖੜ੍ਹਨ ਦੀ ਪ੍ਰੇਰਣਾ ਦਿੱਤੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਵਿੱਚ ਧਾਰਮਿਕ ਅਤੇ ਰਾਜਨੀਤਿਕ ਸੰਘਰਸ਼ ਦਾ ਮਹੱਤਵਪੂਰਨ ਮੋੜ ਹੈ। ਉਨ੍ਹਾਂ ਨੇ ਸੱਚ ਅਤੇ ਧਰਮ ਲਈ ਆਪਣਾ ਜੀਵਨ ਨਿਛਾਵਰ ਕੀਤਾ। ਇਸ ਤੋਂ ਬਾਅਦ ਸਿੱਖ ਪੰਥ ਵਿੱਚ ਰਾਜਨੀਤਿਕ ਸਚੇਤਨਾ ਹੋਰ ਵਧੀ।ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਥਾਪਨਾ ਕੀਤੀ, ਜੋ ਸਿੱਖ ਪੰਥ ਦੀ ਧਾਰਮਿਕ ਅਤੇ ਰਾਜਨੀਤਿਕ ਸੱਤਾ ਦਾ ਕੇਂਦਰ ਬਣਿਆ। ਇੱਥੇ ਸਿਰਫ਼ ਕੀਰਤਨ ਹੀ ਨਹੀਂ ਹੁੰਦਾ ਸੀ, ਸਗੋਂ ਪੰਥਕ ਅਤੇ ਰਾਜਨੀਤਿਕ ਮਸਲਿਆਂ 'ਤੇ ਵੀ ਵਿਚਾਰ ਕੀਤਾ ਜਾਂਦਾ ਸੀ। ਇਸ ਤਰ੍ਹਾਂ ਸਿੱਖ ਧਰਮ ਨੇ ਧਾਰਮਿਕ ਆਦਰਸ਼ਾਂ ਨੂੰ ਸਮਾਜਕ ਅਤੇ ਰਾਜਨੀਤਿਕ ਜੀਵਨ ਨਾਲ ਜੋੜਿਆ।ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਦਿੱਤੀ ਗਈ ਵਿਸ਼ਵ ਇਤਿਹਾਸ ਦੀ ਅਨੋਖੀ ਮਿਸਾਲ ਹੈ। ਉਨ੍ਹਾਂ ਨੇ ਕਿਸੇ ਇੱਕ ਧਰਮ ਲਈ ਨਹੀਂ, ਸਗੋਂ ਹਰ ਮਨੁੱਖ ਦੇ ਧਾਰਮਿਕ ਅਧਿਕਾਰਾਂ ਲਈ ਬਲਿਦਾਨ ਦਿੱਤਾ। ਇਹ ਸਿੱਖ ਰਾਜਨੀਤਿਕ ਵਿਚਾਰਧਾਰਾ ਦੀ ਉੱਚਤਾ ਨੂੰ ਦਰਸਾਉਂਦਾ ਹੈ।ਖ਼ਾਲਸਾ ਪੰਥ ਅਤੇ ਰਾਜਨੀਤਿਕ ਆਤਮਗੌਰਵ1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਖ਼ਾਲਸਾ ਸਿਰਫ਼ ਧਾਰਮਿਕ ਜਥੇਬੰਦੀ ਨਹੀਂ ਸੀ, ਸਗੋਂ ਜ਼ੁਲਮ ਦੇ ਵਿਰੁੱਧ ਲੜਨ ਵਾਲੀ ਨੈਤਿਕ ਅਤੇ ਰਾਜਨੀਤਿਕ ਤਾਕਤ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਾਇਆ, ਜਿਸ ਦਾ ਅਰਥ ਸੀ ਕਿ ਸਿੱਖ ਇੱਕ ਪਾਸੇ ਰੱਬੀ ਭਗਤੀ ਕਰੇ ਅਤੇ ਦੂਜੇ ਪਾਸੇ ਸਮਾਜ ਵਿੱਚ ਹੋ ਰਹੇ ਅਨਿਆਇ ਦੇ ਵਿਰੁੱਧ ਲੜੇ।ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਆਤਮ-ਵਿਸ਼ਵਾਸ ਅਤੇ ਰਾਜਨੀਤਿਕ ਆਤਮਗੌਰਵ ਜਾਗਿਆ। "ਰਾਜ ਕਰੇਗਾ ਖ਼ਾਲਸਾ" ਦਾ ਨਾਅਰਾ ਕਿਸੇ ਜਾਤ ਜਾਂ ਕੌਮ ਦੀ ਹਕੂਮਤ ਲਈ ਨਹੀਂ, ਸਗੋਂ ਨਿਆਂ ਅਤੇ ਧਰਮ 'ਤੇ ਆਧਾਰਿਤ ਪ੍ਰਬੰਧ ਲਈ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਹ ਸਿੱਖਿਆ ਦਿੱਤੀ ਕਿ ਜੇਕਰ ਸਾਰੇ ਸ਼ਾਂਤੀਪੂਰਨ ਰਸਤੇ ਅਸਫਲ ਹੋ ਜਾਣ ਤਾਂ ਜ਼ੁਲਮ ਦੇ ਵਿਰੁੱਧ ਹਥਿਆਰ ਚੁੱਕਣਾ ਵੀ ਧਰਮ ਹੈ।ਬੰਦਾ ਸਿੰਘ ਬਹਾਦਰ ਅਤੇ ਲੋਕਤਾਂਤਰਿਕ ਸੋਚਬੰਦਾ ਸਿੰਘ ਬਹਾਦਰ ਨੇ ਸਿੱਖ ਰਾਜਨੀਤਿਕ ਵਿਚਾਰਧਾਰਾ ਨੂੰ ਅਮਲੀ ਰੂਪ ਦਿੱਤਾ। ਉਨ੍ਹਾਂ ਨੇ ਮੁਗਲ ਹਕੂਮਤ ਦੇ ਜ਼ੁਲਮਾਂ ਨੂੰ ਚੁਣੌਤੀ ਦਿੱਤੀ ਅਤੇ ਪੰਜਾਬ ਵਿੱਚ ਸਿੱਖ ਰਾਜ ਦੀ ਨੀਂਹ ਰੱਖੀ। ਬੰਦਾ ਸਿੰਘ ਬਹਾਦਰ ਨੇ ਜ਼ਮੀਨਦਾਰੀ ਪ੍ਰਥਾ ਖਤਮ ਕਰਕੇ ਕਿਸਾਨਾਂ ਨੂੰ ਜ਼ਮੀਨਾਂ ਦਾ ਮਾਲਕ ਬਣਾਇਆ। ਇਹ ਕਦਮ ਸਮਾਜਕ ਅਤੇ ਆਰਥਿਕ ਨਿਆਂ ਦਾ ਪ੍ਰਤੀਕ ਸੀ।ਉਨ੍ਹਾਂ ਦੀ ਰਾਜਨੀਤੀ ਕਿਸੇ ਨਿੱਜੀ ਲਾਲਸਾ 'ਤੇ ਆਧਾਰਿਤ ਨਹੀਂ ਸੀ, ਸਗੋਂ ਗਰੀਬਾਂ ਅਤੇ ਪੀੜਤਾਂ ਦੀ ਭਲਾਈ ਲਈ ਸੀ। ਇਸ ਤੋਂ ਸਿੱਖ ਧਰਮ ਦੀ ਰਾਜਨੀਤਿਕ ਸੋਚ ਦੀ ਲੋਕਤਾਂਤਰਿਕ ਅਤੇ ਮਨੁੱਖਤਾ-ਪ੍ਰੇਮੀ ਪ੍ਰਕਿਰਤੀ ਸਪਸ਼ਟ ਹੁੰਦੀ ਹੈ।ਮਿਸਲਾਂ ਅਤੇ ਖ਼ਾਲਸਾ ਰਾਜਅਠਾਰਵੀਂ ਸਦੀ ਵਿੱਚ ਸਿੱਖ ਮਿਸਲਾਂ ਨੇ ਪੰਜਾਬ ਵਿੱਚ ਆਪਣਾ ਪ੍ਰਭਾਵ ਬਣਾਇਆ। ਇਹ ਇਕ ਤਰ੍ਹਾਂ ਦੀ ਸੰਘੀ ਪ੍ਰਣਾਲੀ ਸੀ ਜਿਸ ਵਿੱਚ ਵੱਖ-ਵੱਖ ਮਿਸਲਾਂ ਆਪਸੀ ਸਹਿਯੋਗ ਨਾਲ ਕੰਮ ਕਰਦੀਆਂ ਸਨ। ਇਸ ਵਿੱਚ ਸਾਂਝੇ ਫ਼ੈਸਲੇ ਅਤੇ ਸਮੂਹਕ ਨੇਤ੍ਰਿਤਵ ਦੀ ਭਾਵਨਾ ਮੌਜੂਦ ਸੀ।ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਰਾਜ ਧਾਰਮਿਕ ਸਹਿਨਸ਼ੀਲਤਾ, ਨਿਆਂ ਅਤੇ ਲੋਕ-ਭਲਾਈ ਲਈ ਪ੍ਰਸਿੱਧ ਸੀ। ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਇੱਕ ਧਰਮ ਨੂੰ ਤਰਜੀਹ ਨਹੀਂ ਦਿੱਤੀ। ਉਨ੍ਹਾਂ ਦੇ ਦਰਬਾਰ ਵਿੱਚ ਹਿੰਦੂ, ਮੁਸਲਮਾਨ ਅਤੇ ਯੂਰਪੀ ਅਧਿਕਾਰੀ ਵੀ ਉੱਚ ਅਹੁਦਿਆਂ 'ਤੇ ਸਨ। ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਨਾਲ ਨਾਲ ਮਸਜਿਦਾਂ ਅਤੇ ਮੰਦਰਾਂ ਦੀ ਵੀ ਸੇਵਾ ਕਰਵਾਈ। ਇਹ ਸਿੱਖ ਰਾਜਨੀਤਿਕ ਵਿਚਾਰਧਾਰਾ ਦੀ ਉਦਾਰਤਾ ਅਤੇ ਧਾਰਮਿਕ ਸਮਰਸਤਾ ਨੂੰ ਦਰਸਾਉਂਦਾ ਹੈ।ਬ੍ਰਿਟਿਸ਼ ਕਾਲ ਅਤੇ ਸਿੱਖ ਰਾਜਨੀਤੀਅੰਗਰੇਜ਼ੀ ਰਾਜ ਦੌਰਾਨ ਸਿੱਖਾਂ ਨੇ ਆਪਣੀ ਧਾਰਮਿਕ ਅਤੇ ਰਾਜਨੀਤਿਕ ਪਛਾਣ ਨੂੰ ਬਚਾਉਣ ਲਈ ਕਈ ਸੰਘਰਸ਼ ਕੀਤੇ। ਸਿੰਘ ਸਭਾ ਲਹਿਰ ਨੇ ਸਿੱਖੀ ਦੇ ਅਸਲ ਸਰੂਪ ਨੂੰ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਜਿਸ ਦਾ ਮਕਸਦ ਗੁਰਦੁਆਰਿਆਂ ਨੂੰ ਮਹੰਤਾਂ ਅਤੇ ਅੰਗਰੇਜ਼ੀ ਦਖ਼ਲਅੰਦਾਜ਼ੀ ਤੋਂ ਮੁਕਤ ਕਰਵਾਉਣਾ ਸੀ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਵੀ ਇਸੇ ਦੌਰ ਵਿੱਚ ਹੋਇਆ। ਇਹ ਸੰਸਥਾਵਾਂ ਸਿੱਖ ਧਾਰਮਿਕ ਅਤੇ ਰਾਜਨੀਤਿਕ ਚੇਤਨਾ ਦੇ ਪ੍ਰਤੀਕ ਬਣੀਆਂ। ਗੁਰਦੁਆਰਾ ਸੁਧਾਰ ਲਹਿਰ ਨੇ ਇਹ ਸਾਬਤ ਕੀਤਾ ਕਿ ਸਿੱਖ ਰਾਜਨੀਤੀ ਦਾ ਮਕਸਦ ਸਿਰਫ਼ ਸੱਤਾ ਨਹੀਂ, ਸਗੋਂ ਧਾਰਮਿਕ ਅਜ਼ਾਦੀ ਅਤੇ ਸਮਾਜਕ ਨਿਆਂ ਹੈ।ਆਜ਼ਾਦੀ ਤੋਂ ਬਾਅਦ ਦੀ ਸਿੱਖ ਰਾਜਨੀਤੀਭਾਰਤ ਦੀ ਆਜ਼ਾਦੀ ਤੋਂ ਬਾਅਦ ਸਿੱਖ ਰਾਜਨੀਤੀ ਨੇ ਨਵੇਂ ਮੋੜ ਲਏ। ਪੰਜਾਬੀ ਸੂਬਾ ਅੰਦੋਲਨ ਸਿੱਖਾਂ ਦੀ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਦੀ ਲੜਾਈ ਸੀ। ਇਸ ਸੰਘਰਸ਼ ਦੇ ਨਤੀਜੇ ਵਜੋਂ ਪੰਜਾਬ ਦੀ ਪੁਨਰਰਚਨਾ ਹੋਈ।ਅਗਲੇ ਦੌਰ ਵਿੱਚ ਪੰਜਾਬ ਨੇ ਕਈ ਰਾਜਨੀਤਿਕ ਅਤੇ ਸਮਾਜਕ ਚੁਣੌਤੀਆਂ ਦਾ ਸਾਹਮਣਾ ਕੀਤਾ। 1980 ਦੇ ਦਹਾਕੇ ਵਿੱਚ ਪੰਜਾਬ ਵਿੱਚ ਉਗਰਵਾਦ ਅਤੇ ਹਿੰਸਾ ਨੇ ਗੰਭੀਰ ਸਥਿਤੀਆਂ ਪੈਦਾ ਕੀਤੀਆਂ। ਓਪਰੇਸ਼ਨ ਬਲੂ ਸਟਾਰ ਅਤੇ ਉਸ ਤੋਂ ਬਾਅਦ ਦੇ ਦੰਗਿਆਂ ਨੇ ਸਿੱਖ ਮਨੋਵਿਗਿਆਨ 'ਤੇ ਡੂੰਘਾ ਅਸਰ ਛੱਡਿਆ। ਇਹ ਘਟਨਾਵਾਂ ਸਿੱਖ ਰਾਜਨੀਤੀ ਅਤੇ ਭਾਰਤੀ ਰਾਜਨੀਤੀ ਦੇ ਸੰਬੰਧਾਂ ਵਿੱਚ ਇੱਕ ਮਹੱਤਵਪੂਰਨ ਮੋੜ ਸਾਬਤ ਹੋਈਆਂ।ਸਿੱਖ ਧਰਮ ਵਿੱਚ ਰਾਜਨੀਤੀ ਦੀ ਨੈਤਿਕਤਾਸਿੱਖ ਧਰਮ ਦੀ ਰਾਜਨੀਤੀ ਦਾ ਕੇਂਦਰ ਨੈਤਿਕਤਾ ਹੈ। ਸਿੱਖੀ ਕਿਸੇ ਵੀ ਅਨੈਤਿਕ ਰਾਜਨੀਤੀ ਨੂੰ ਸਵੀਕਾਰ ਨਹੀਂ ਕਰਦੀ। ਗੁਰਬਾਣੀ ਵਿੱਚ ਸੱਚ, ਨਿਆਂ, ਨਿਮਰਤਾ ਅਤੇ ਸੇਵਾ ਨੂੰ ਮਹੱਤਵ ਦਿੱਤਾ ਗਿਆ ਹੈ। ਇਸ ਲਈ ਸਿੱਖ ਰਾਜਨੀਤੀ ਦਾ ਅਸਲ ਮਕਸਦ ਲੋਕਾਂ ਦੀ ਭਲਾਈ ਅਤੇ ਸਮਾਜ ਵਿੱਚ ਨਿਆਂ ਕਾਇਮ ਕਰਨਾ ਹੋਣਾ ਚਾਹੀਦਾ ਹੈ।ਅੱਜ ਦੇ ਸਮੇਂ ਵਿੱਚ ਰਾਜਨੀਤੀ ਅਕਸਰ ਸੱਤਾ, ਧਨ ਅਤੇ ਨਿੱਜੀ ਲਾਭ ਤੱਕ ਸੀਮਿਤ ਹੋ ਗਈ ਹੈ। ਪਰ ਸਿੱਖ ਧਰਮ ਸਿਖਾਉਂਦਾ ਹੈ ਕਿ ਰਾਜਨੀਤੀ ਨੂੰ ਧਰਮ ਦੇ ਨੈਤਿਕ ਸਿਧਾਂਤਾਂ ਦੇ ਅਧੀਨ ਰਹਿਣਾ ਚਾਹੀਦਾ ਹੈ। ਜਦੋਂ ਰਾਜਨੀਤੀ ਨੈਤਿਕਤਾ ਤੋਂ ਖਾਲੀ ਹੋ ਜਾਂਦੀ ਹੈ ਤਾਂ ਭ੍ਰਿਸ਼ਟਾਚਾਰ, ਅਨਿਆਇ ਅਤੇ ਸਮਾਜਕ ਵਿਗਾੜ ਵਧਦੇ ਹਨ।ਮੌਜੂਦਾ ਸੰਦਰਭ ਵਿੱਚ ਸਿੱਖ ਰਾਜਨੀਤੀਆਧੁਨਿਕ ਸਮੇਂ ਵਿੱਚ ਸਿੱਖ ਰਾਜਨੀਤੀ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਪੰਥਕ ਏਕਤਾ ਦੀ ਕਮੀ, ਧਾਰਮਿਕ ਸੰਸਥਾਵਾਂ ਵਿੱਚ ਰਾਜਨੀਤਿਕ ਦਖ਼ਲਅੰਦਾਜ਼ੀ ਅਤੇ ਨੌਜਵਾਨਾਂ ਦੀ ਬੇਰੁਖ਼ੀ ਵੱਡੇ ਮਸਲੇ ਹਨ। ਕਈ ਵਾਰ ਰਾਜਨੀਤਿਕ ਪਾਰਟੀਆਂ ਸਿੱਖ ਭਾਵਨਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਦੀਆਂ ਹਨ, ਜਿਸ ਨਾਲ ਪੰਥਕ ਏਕਤਾ ਕਮਜ਼ੋਰ ਹੁੰਦੀ ਹੈ।ਇਸ ਸਥਿਤੀ ਵਿੱਚ ਸਿੱਖ ਧਰਮ ਦੇ ਮੂਲ ਸਿਧਾਂਤਾਂ ਵੱਲ ਵਾਪਸ ਜਾਣ ਦੀ ਲੋੜ ਹੈ।

ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਾਨੂੰ ਦੱਸਦੀਆਂ ਹਨ ਕਿ ਸੱਚੀ ਰਾਜਨੀਤੀ ਉਹ ਹੈ ਜੋ ਮਨੁੱਖਤਾ ਦੀ ਸੇਵਾ ਕਰੇ, ਗਰੀਬਾਂ ਦੀ ਮਦਦ ਕਰੇ ਅਤੇ ਹਰ ਮਨੁੱਖ ਦੇ ਅਧਿਕਾਰਾਂ ਦੀ ਰੱਖਿਆ ਕਰੇ।ਸਿੱਖ ਨੌਜਵਾਨਾਂ ਨੂੰ ਵੀ ਇਤਿਹਾਸ ਅਤੇ ਗੁਰਮਤਿ ਨਾਲ ਜੋੜਨ ਦੀ ਲੋੜ ਹੈ ਤਾਂ ਜੋ ਉਹ ਸਿੱਖ ਰਾਜਨੀਤਿਕ ਵਿਚਾਰਧਾਰਾ ਦੀ ਅਸਲ ਰੂਹ ਨੂੰ ਸਮਝ ਸਕਣ। ਜੇਕਰ ਰਾਜਨੀਤੀ ਗੁਰਮਤਿ ਦੇ ਆਦਰਸ਼ਾਂ 'ਤੇ ਆਧਾਰਿਤ ਹੋਵੇਗੀ ਤਾਂ ਇਹ ਸਮਾਜ ਵਿੱਚ ਸ਼ਾਂਤੀ, ਨਿਆਂ ਅਤੇ ਭਾਈਚਾਰੇ ਨੂੰ ਮਜ਼ਬੂਤ ਕਰੇਗੀ।ਸਿੱਖ ਧਰਮ ਅਤੇ ਰਾਜਨੀਤੀ ਦਾ ਸੰਬੰਧ ਬਹੁਤ ਡੂੰਘਾ ਅਤੇ ਵਿਲੱਖਣ ਹੈ। ਸਿੱਖ ਧਰਮ ਰਾਜਨੀਤੀ ਨੂੰ ਸਿਰਫ਼ ਸੱਤਾ ਪ੍ਰਾਪਤੀ ਦਾ ਸਾਧਨ ਨਹੀਂ ਮੰਨਦਾ, ਸਗੋਂ ਸਮਾਜ ਵਿੱਚ ਨਿਆਂ ਅਤੇ ਮਨੁੱਖਤਾ ਦੀ ਸਥਾਪਨਾ ਦਾ ਮਾਧਿਅਮ ਸਮਝਦਾ ਹੈ। ਗੁਰੂ ਸਾਹਿਬਾਨ ਤੋਂ ਲੈ ਕੇ ਖ਼ਾਲਸਾ ਪੰਥ, ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਅਤੇ ਆਧੁਨਿਕ ਪੰਥਕ ਲਹਿਰਾਂ ਤੱਕ ਸਿੱਖ ਇਤਿਹਾਸ ਇਸ ਗੱਲ ਦਾ ਸਬੂਤ ਹੈ ਕਿ ਸਿੱਖ ਰਾਜਨੀਤੀ ਦਾ ਕੇਂਦਰ ਧਰਮ, ਨੈਤਿਕਤਾ ਅਤੇ ਮਨੁੱਖੀ ਭਲਾਈ ਹੈ।ਅੱਜ ਵੀ ਜੇਕਰ ਸਿੱਖ ਰਾਜਨੀਤੀ ਗੁਰਮਤਿ ਦੇ ਅਸੂਲਾਂ—ਸੱਚ, ਨਿਆਂ, ਸੇਵਾ ਅਤੇ ਸਰਬੱਤ ਦੇ ਭਲੇ—ਨੂੰ ਆਪਣਾ ਆਧਾਰ ਬਣਾਏ ਤਾਂ ਇਹ ਸਿਰਫ਼ ਸਿੱਖ ਕੌਮ ਹੀ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਰਾਹਦਾਰੀ ਸਾਬਤ ਹੋ ਸਕਦੀ ਹੈ।

**ਗੁਰਪ੍ਰੀਤ ਸਿੰਘ, ਸੰਪਾਦਕ, ਖ਼ਾਲਸਾ ਅਖ਼ਬਾਰ**

# ਗੁਰੂ ਗ੍ਰੰਥ ਅਤੇ ਗੁਰੂ ਪੰਥ

ਸਿੱਖ ਪੰਥ ਦੁਨੀਆਂ ਦਾ ਨਵੀਨਤਮ ਧਰਮ ਹੈ। ਧਰਮ ਇਨਸਾਨ ਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਵੀ ਕਰਦਾ ਹੈ ਅਤੇ ਅਕਾਲ ਪੁਰਖ ਦੇ ਨੇੜੇ ਹੋਣ ਦਾ ਸੁਖੈਣ ਮਾਰਗ ਵੀ ਦਰਸਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਬਹੁਤ ਵੱਡੇ ਹਿੱਸੇ ਦੀ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਸਮੇਂ ਉਹ ਹਰ ਵਰਗ ਨਾਲ ਵਿਚਾਰ-ਵਟਾਂਦਰਾ ਕਰਦੇ ਗਏ। ਉਨ੍ਹਾਂ ਦੇ ਧਰਮਾਂ ਬਾਰੇ ਜਾਣਕਾਰੀ ਵੀ ਲੈਂਦੇ ਗਏ। ਕਰਮਕਾਂਡਾਂ ਦੀ ਗੁਰੂ ਸਾਹਿਬ ਨੇ ਖੁੱਲ੍ਹ ਕੇ ਆਲੋਚਨਾ ਕੀਤੀ। ਗੁਰੂ ਸਾਹਿਬਾਨ ਨੇ ਪੁਜਾਰੀਆਂ ਵੱਲੋਂ ਲੋਕਾਂ ਵਿੱਚ ਭਰਮ-ਭੁਲੇਖੇ ਪੈਦਾ ਕਰਕੇ ਰੋਜ਼ੀ-ਰੋਟੀ ਕਮਾਉਣ ਦੇ ਕੰਮ ਵੱਲੋਂ ਲੋਕਾਂ ਨੂੰ ਸੁਚੇਤ ਕੀਤਾ ਅਤੇ ਇਕ ਅਕਾਲ ਪੁਰਖ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਲਈ ਸਿੱਖ ਧਰਮ ਆਪਸੀ ਭਾਈਚਾਰੇ ਅਤੇ ਇਕੋ ਅਕਾਲ ਪੁਰਖ ਦੀ ਸੰਤਾਨ ਹੋਣ ਦਾ ਹੋਕਾ ਦਿੰਦਾ ਹੈ, ਹੋਰ ਧਰਮਾਂ ਦੇ ਲੋਕਾਂ ਨੂੰ ਆਪਣੇ ਭਾਈ ਸਮਝ ਕੇ ਇਕ ਹੀ ਰੱਬੀ ਜੋਤ ਦਾ ਨੂਰ ਮੰਨਦਾ ਹੈ।ਦਸਮ ਪਾਤਸ਼ਾਹ ਨੇ ਖ਼ਾਲਸਾ ਪੰਥ ਦੀ ਸਾਜਨਾ ਦਾ ਪ੍ਰਯੋਜਨ ਬਿਆਨ ਕਰਦੇ ਹੋਏ ਲਿਖਿਆ ਹੈ ਕਿ ਜਿੰਨੇ ਵੀ ਹੋਰ ਧਾਰਮਿਕ ਆਗੂ ਪੈਦਾ ਹੋਏ, ਉਨ੍ਹਾਂ ਨੇ ਆਪਣੇ ਆਪਣੇ ਧਰਮ ਤੇ ਪੰਥ ਸ਼ੁਰੂ ਕਰ ਦਿੱਤੇ, ਅਕਾਲ ਪੁਰਖ ਦਾ ਧਰਮ ਜੋ ਸਭ ਲਈ ਸਾਂਝਾ ਹੈ, ਉਸ ਵੱਲ ਕਿਸੇ ਨੇ ਲੋਕਾਈ ਨੂੰ ਪ੍ਰੇਰਿਤ ਨਹੀਂ ਕੀਤਾ। ਗੁਰੂ ਜੀ ਨੇ ਇਕ ਅਕਾਲ ਦਾ ਪੁਜਾਰੀ ਤੇ ਸਭ ਨੂੰ ਬਰਾਬਰ ਸਮਝ ਕੇ ਪਿਆਰ ਕਰਨ ਵਾਲਾ ਧਰਮ ਚਲਾਉਣ ਲਈ ਹੁਕਮ ਕੀਤਾ।ਦਸਮ ਪਾਤਸ਼ਾਹ ਨੇ ਲਿਖਿਆ ਹੈ ਕਿ-ਤਪ ਸਾਧਤ ਹਰਿ ਮੋਹਿ ਬੁਲਾਯੋ ।। ਇਮ ਕਹਿ ਕੈ ਇਹ ਲੋਕ ਪਠਾਯੋ।। ਸਭ ਅਪਨੀ ਅਪਨੀ ਉਰਝਾਨਾ ।। ਪਾਰਬ੍ਰਹਮ ਕਾਹੂ ਨਾ ਪਛਾਨਾ।।ਖ਼ਾਲਸਾ ਪੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਕਾਲ ਪੁਰਖ ਦਾ ਧਰਮ ਬਿਆਨ ਕਰਦੇ ਹੋਏ ਲਿਖਿਆ ਹੈਖਾਲਸਾ ਅਕਾਲ ਪੁਰਖ ਦੀ ਫੌਜ।। ਪਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।।ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਨੇ ਆਪਣੇ ਪੰਥ ਦੀ ਜੀਵਨ-ਜਾਚ, ਇਕ ਅਕਾਲ ਪੁਰਖ ਦੀ ਪੂਜਾ, ਉਸ ਨੂੰ ਹੀ ਕੇਵਲ ਕਰਤਾ ਜਾਣ ਕੇ ਨਿਰਭਉ, ਨਿਰਵੈਰ ਜੀਵਨ ਬਸਰ ਕਰਨ ਦੀ ਕੇਵਲ ਸਿੱਖਿਆ ਹੀ ਨਹੀਂ ਦਿੱਤੀ, ਸਗੋਂ ਆਪਣੇ ਜੀਵਨ ਰਾਹੀਂ ਇਕ ਮਿਸਾਲ ਵੀ ਪੇਸ਼ ਕੀਤੀ। ਇਸ ਮਨੋਰਥ ਲਈ ਭਾਵੇਂ ਕਿਸੇ ਵੀ ਤਰ੍ਹਾਂ ਦੇ ਕਸ਼ਟ ਉਨ੍ਹਾਂ ਨੂੰ ਬਰਦਾਸ਼ਤ ਕਰਨੇ ਪਏ। ਗੁਰੂ ਸਾਹਿਬ ਦਾ ਹੁਕਮ ਹੈ ਕਿ ਆਤਮਾ ਜਨਮ-ਜਨਮਾਂਤਰਾਂ ਦੇ ਮਾੜੇ ਕਰਮਾਂ ਕਰਕੇ ਅਪਵਿੱਤਰ ਹੋ ਜਾਂਦੀਹੈ ਅਤੇ ਇਸ ਨੂੰ ਸਾਫ਼ ਕਰਨ ਲਈ ਸੱਚਾ-ਸੁੱਚਾ ਜੀਵਨ ਤੇ ਪ੍ਰਭੂ ਸਿਮਰਨ ਦਾਰੂ ਹੈ।ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿਚ ਬਾਣੀ ਨੂੰ ਅਕਾਲ ਪੁਰਖ ਦੀ ਬਖਸ਼ਿਸ਼ ਕਰਕੇ ਪ੍ਰਗਟ ਹੋਈ ਦੱਸਿਆ ਅਤੇ ਧੁਰ ਕੀ ਬਾਣੀ ਨੂੰ ਉਹ ਨਾਲ-ਨਾਲ ਅੰਕਿਤ ਵੀ ਕਰਦੇ ਗਏ। ਆਪਣੇ ਤੋਂ ਇਲਾਵਾ ਜਿਨ੍ਹਾਂ ਮਹਾਂਪੁਰਸ਼ਾਂ ਦੀ ਬਾਣੀ ਗੁਰਬਾਣੀ ਦੇ ਵਿਚਾਰਾਂ ਨਾਲ ਮੇਲ ਖਾਂਦੀ ਸੀ, ਉਹ ਵੀ ਇੱਕਠੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਤੋਂ ਉੱਚੀ ਥਾਂ 'ਤੇ ਪ੍ਰਕਾਸ਼ ਕਰਕੇ ਆਪਣੇ ਤੋਂ ਜ਼ਿਆਦਾ ਸਤਿਕਾਰ ਵੀ ਦਿੰਦੇ ਰਹੇ। ਦਸਮ ਪਾਤਸ਼ਾਹ ਨੇ ਉਸ ਸਮੇਂ ਪ੍ਰਚਲਿਤ ਦੇਹਧਾਰੀ ਗੁਰੂ ਪ੍ਰਥਾ ਨੂੰ ਬੰਦ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਬਖਸ਼ਿਸ਼ ਕੀਤਾ। ਅੱਜ ਵੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗਿਆਨਦਾਤਾ ਗੁਰੂ ਮੰਨ ਕੇ ਉਸ ਦੀ ਪੂਜਾ ਕਰਦੇ ਹਨ। ਗੁਰਬਾਣੀ ਗਾਉਂਦੇ ਅਤੇ ਸਿਮਰਨ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਗੁਰੂ ਗਿਆਨ ਦਾ ਦਾਤਾ ਹੁੰਦਾ ਹੈ ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਦੇ ਹਰ ਪਹਿਲੂ ਬਾਰੇ ਗਿਆਨ ਤੇ ਸੇਧ ਦੇਣ ਦੇ ਸਮਰੱਥ ਹੈ। ਕੇਵਲ ਸ਼ਰਧਾ, ਵਿਸ਼ਵਾਸ ਅਤੇ ਹੁਕਮ ਮੰਨਣ ਦੀ ਲੋੜ ਹੈ।ਅੱਜ ਦੇ ਸਮੇਂ ਵਿਚ ਸਿੱਖ ਪੰਥ ਅਤੇ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਵਿਚ ਇਕ ਭਰਮ-ਭੁਲੇਖਾ ਚਰਚਾ ਦਾ ਵਿਸ਼ਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ ਗੁਰੂ ਸਿਧਾਂਤ ਗਿਆਨ ਦੇਣ ਦੇ ਸਮਰੱਥ ਹੈ ਜਾਂ ਦੇਹਧਾਰੀ ਗੁਰੂ ਹੋਣਾ ਲਾਜ਼ਮੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ ਜੋ ਆਪ ਬਹੁਤ ਵੱਡੇ ਲਿਖਾਰੀ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਜੋ ਆਪ ਇਕ ਵਿਚਾਰਵਾਨ ਤੇ ਲਿਖਾਰੀ ਵੀ ਸਨ। ਉਨ੍ਹਾਂ ਪਾਸੋਂ ਅਜਿਹੀ ਕੋਈ ਵੀ ਕਮੀ ਰਹਿ ਜਾਣੀ ਕਿ ਉਹ ਸਾਡੇ ਲਈ ਸਪੱਸ਼ਟ ਰਾਹ ਤੇ ਪੂਰਨ ਸਮਰੱਥ ਗੁਰੂ ਨਾ ਛੱਡ ਕੇ ਜਾਣ, ਅਜਿਹੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਗੁਰੂ ਆਪਣੇ ਪੰਥ ਵਿਚ ਕਿਸੇ ਨੂੰ ਮਿਲਾਉਣ ਸਮੇਂ ਦੋ ਚੀਜ਼ਾਂ ਦੀ ਬਖਸ਼ਿਸ਼ ਕਰਦਾ ਹੈ- ਗੁਰਮੰਤਰਅਤੇ ਗਿਆਨ। ਆਪਣੇ ਪੰਥ ਵਿਚ ਇਹ ਦੋਵੇਂ ਰਸਮਾਂ ਪੂਰੀਆਂ ਕਰਨ ਲਈ ਦਸਮ ਪਾਤਸ਼ਾਹਸਾਡੇ ਲਈ ਸਪੱਸ਼ਟ ਰਾਹ ਦੱਸ ਕੇ ਗਏ ਹਨ। ਉਨ੍ਹਾਂ ਦਾ ਹੁਕਮ ਹੈ:ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ।ਸਿੱਖ ਧਰਮ ਦਸਮ ਪਾਤਸ਼ਾਹ ਅਨੁਸਾਰ ਕਿਸੇ ਵਿਅਕਤੀ ਦਾ ਨਹੀਂ, ਸਗੋਂ ਅਕਾਲ ਪੁਰਖ ਦਾ ਹੈ। ਅਸੀਂ ਸਭ ਸਿੱਖ ਕੇਵਲ ਅਕਾਲ ਪੁਰਖ ਵਾਹਿਗੁਰੂ ਦੇ ਪੁਜਾਰੀ ਹਾਂ। ਉਸ ਤੱਕ ਪੁੱਜਣ ਦਾ ਰਾਹ ਦੱਸਣ ਵਾਲਾ ਵਿਅਕਤੀ ਕਿਧਰੇ ਆਪ ਨਾ ਰੱਬ ਬਣ ਜਾਵੇ, ਜੋ ਪਿਛਲੇ ਸਮੇਂ ਤੋਂ ਹੁੰਦਾ ਆਇਆ ਸੀ, ਇਸ ਰੀਤ ਨੂੰ ਸਦਾ ਲਈ ਖਤਮ ਕਰਨ ਲਈ ਗੋਬਿੰਦ ਰਾਏ ਪੰਜ ਪਿਆਰਿਆਂ ਪਾਸੋਂ ਪਾਹੁਲ ਛਕ ਕੇ ਗੋਬਿੰਦ ਸਿੰਘ ਬਣੇ ਅਤੇ ਉਨ੍ਹਾਂ ਪਾਸੋਂ ਹੀਵਾਹਿਗੁਰੂ ਗੁਰਮੰਤਰ ਹਾਸਲ ਕੀਤਾ। ਅੱਗੇ ਲਈ ਪੰਥ ਵਿਚ ਸ਼ਾਮਿਲ ਕਰਨ, ਗੁਰਮੰਤਰ ਦੀ ਬਖਸ਼ਿਸ਼ ਕਰਨ ਅਤੇ ਪਾਹੁਲ ਛਕਾਉਣ ਦੀ ਜ਼ਿੰਮੇਵਾਰੀ ਵੀ ਪੰਜ ਪਿਆਰਿਆਂ ਦੇ ਜ਼ਿੰਮੇ ਲਗਾ ਦਿੱਤੀ। ਪੰਜ ਪਿਆਰੇ ਗੁਰੂ ਦਾ ਰੂਪ ਬਣ ਕੇ ਪੰਥ ਵਿਚ ਸ਼ਾਮਿਲ ਕਰਨ ਦੀ ਪ੍ਰਕਿਰਿਆ ਤੇ ਨਾਮ ਦਾਨ ਦੀ ਬਖਸ਼ਿਸ਼ ਕਰਦੇ ਹਨ ਅਤੇ ਫਿਰ ਆਪ ਸੰਗਤ ਵਿਚ ਸ਼ਾਮਿਲ ਹੋ ਜਾਂਦੇ ਹਨ। ਸਿੱਖ ਨੂੰ ਗਿਆਨ ਅਤੇ ਸੇਧ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੰਦੇ ਹਨ। ਇਹ ਇਕ ਇਨਕਲਾਬੀ ਅਤੇ ਜਮਹੂਰੀ ਪੈਂਤੜਾ ਸੀ, ਜਿਸ ਨੇ ਵਿਅਕਤੀ ਗੁਰੂ ਦੀ ਮਹੱਤਤਾ ਨੂੰ ਅਸਵੀਕਾਰ ਕਰਕੇ, ਸਨਾਤਨੀ ਗੁਰੂ ਪ੍ਰੰਪਰਾ ਨਾਲੋਂ ਸਿੱਖ ਗੁਰੂ ਪ੍ਰੰਪਰਾ ਦੀ ਵਿਲੱਖਣਤਾ ਨੂੰ ਸਪੱਸ਼ਟ ਰੂਪ ਵਿਚ ਉਘਾੜ ਕੇ ਸਾਹਮਣੇ ਲੈ ਆਂਦਾ।ਗੁਰੂ ਪੰਥ ਵਿਚ ਦਾਖਲ ਹੋਣ ਲਈ ਜਾਂ ਇਸ ਦੇ ਮੈਂਬਰ ਬਣਨ ਲਈ ਖੰਡੇ ਬਾਟੇ ਦੀ ਪਾਹੁਲ ਲੈਣੀ ਅਥਵਾ ਅੰਮ੍ਰਿਤ ਛਕਣਾ ਜ਼ਰੂਰੀ ਹੈ। ਇਸ ਤੋਂ ਬਿਨ੍ਹਾਂ ਕੋਈ ਵੀ ਵਿਅਕਤੀ ਗੁਰੂ ਪੰਥ ਦਾ ਮੈਂਬਰ ਨਹੀਂ ਬਣ ਸਕਦਾ। ਸਿੱਖ ਰਹਿਤ ਮਰਿਆਦਾ ਅਨੁਸਾਰ ਪੰਜ ਪਿਆਰੇ ਹੀ ਪਾਹੁਲ ਦੇਣ ਦੇ ਅਧਿਕਾਰੀ ਹਨ ਹਨ ਗੁਰੂ ਪੰਥ ਦਾ ਕੋਈ ਵੀ ਤਿਆਰ-ਬਰ-ਤਿਆਰ ਮੈਂਬਰ ਇਨ੍ਹਾਂ ਪੰਜਾਂ ਵਿਚ ਸ਼ਾਮਿਲ ਹੋ ਸਕਦਾ ਹੈ, ਬਸ਼ਰਤੇ ਕਿ ਉਹ ਤਨਖਾਹੀਆਂ ਜਾਂ ਅੰਗਹੀਣ ਨਾ ਹੋਵੇ।ਇਤਿਹਾਸ ਗਵਾਹ ਹੈ ਕਿ ਅਠਾਰਵੀਂ ਸਦੀ ਵਿਚ ਘੋਰ ਸੰਕਟ ਦੌਰਾਨ ਪੰਥ ਦੇ ਅਹਿਮ ਫੈਸਲੇ ਗੁਰਮਤੇ ਦੇ ਰੂਪ ਵਿਚ ਹੁੰਦੇ ਰਹੇ ਹਨ। ਗੁਰਮਤੇ ਦਾ ਅਰਥ ਹੀ ਹੈ, ਗੁਰੂ ਦਾ ਮਤਾ ਭਾਵ ਗੁਰੂ ਦਾ ਫੈਸਲਾ । ਗੁਰਮਤੇ ਦੀ ਸੰਸਥਾ ਹੀ ਪੰਥ ਨੂੰ ਬਿਖੜੇ ਦੌਰ ਵਿਚ ਚੜ੍ਹਦੀ ਕਲਾ ਬਖਸ਼ਦੀ ਰਹੀ ਅਤੇ ਗੁਰੂ ਪੰਥ ਨੂੰ ਨਿਰਣਾਇਕ ਭੂਮਿਕਾ ਨਿਭਾਉਣ ਦੇ ਸਮਰੱਥ ਬਣਾਉਂਦੀ ਰਹੀ। ਮੁੱਕਦੀ ਗੱਲ ਇਹ ਹੈ ਕਿ ਵਿਹਾਰਕ ਪੱਧਰ 'ਤੇ ਪੰਜ ਪਿਆਰਿਆਂ ਨੇ ਸ਼ਬਦ ਗੁਰੂ ਦੀ ਸ਼ਕਤੀ ਨੂੰ ਆਪਣੇ ਆਤਮਿਕ ਮੰਡਲ ਵਿਚ ਸਮਾ ਕੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਖੇਤਰ ਵਿਚ ਅਗਵਾਈ ਕੀਤੀ ਹੈ। ਇਹ ਗੁਰੂ ਦਾ ਰੂਪ ਪੰਜ ਪਿਆਰੇ ਆਪਣਾ ਕੋਈ ਵਜੂਦ ਨਹੀਂ ਰੱਖਦੇ। ਪੰਜ ਪਿਆਰੇ ਕੋਈ ਵਿਅਕਤੀ ਵਿਸ਼ੇਸ਼ ਨਹੀਂ, ਇਕ ਸੰਸਥਾ ਹਨ ਭਾਵ ਗੁਰੂ ਪੰਥ ਨਾਲ ਸੰਬੰਧਿਤ ਕੋਈ ਵੀ ਨਿਰਣਾ ਗੁਰੂ ਪੰਥ ਦੀ ਵਿਚਾਰਧਾਰਕ ਰੌਸ਼ਨੀ ਵਿਚ ਗੁਰੂ-ਪੰਥ ਹੀ ਲੈ ਸਕਦਾ ਹੈ, ਕਿਸੇ ਵਿਅਕਤੀ ਵਿਸ਼ੇਸ਼ ਨੂੰ ਇਹ ਅਧਿਕਾਰ ਨਹੀਂ ਹੈ। ਇਸ ਤਰ੍ਹਾਂ ਦਸਮ ਪਾਤਸ਼ਾਹ ਨੇ ਪੁਜਾਰੀਵਾਦ ਜਾਂ ਗੁਰੂਡੰਮ ਦੀ ਸੰਸਥਾ ਨੂੰ ਸਿੱਖ ਪੰਥ ਵਿਚੋਂ ਬੇਲੋੜਾ ਬਣਾ ਦਿੱਤਾ । ਸਿੱਖ ਪੂਜਾ ਅਕਾਲ ਕੀ, ਦੇ ਹੁਕਮ 'ਤੇ ਚਲ ਕੇ ਸਿੱਧਾ ਅਕਾਲ ਪੁਰਖ ਨਾਲ ਜੁੜ ਜਾਂਦਾ ਹੈ। ਸ਼ਬਦ ਗੁਰੂ ਹਰ ਸਮੇਂ, ਹਰ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਿੱਖ ਤੇ ਸਿੱਖ ਕੌਮ ਦੀ ਅਗਵਾਈ ਲਈ ਮੌਜੂਦ ਹੈ। ਹੁਕਮਨਾਮਾ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਅਧਿਕਾਰ ਖੇਤਰ ਹੈ। ਪੁਰਸ਼ ਗੁਰੂ ਤੇ ਸ਼ਬਦ ਗੁਰੂ ਦੋਵੇਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਕੌਮ ਦੀ ਅਗਵਾਈ ਸਾਡੇ ਵਿਚ ਪ੍ਰਗਟ ਕਰਕੇ ਗਏ ਹਨ। ਇਨ੍ਹਾਂ ਬਾਰੇ ਵਿਵਾਦ ਸਾਡੀ ਸੋਚ ਦੇ ਦੀਵਾਲੀਆਪਨ ਤੇ ਅਗਿਆਨਤਾ ਕਰਕੇ ਹੈ। ਇਸ ਅਗਿਆਨਤਾ ਨੂੰ ਦੂਰ ਕਰਨ ਲਈ ਪੰਜ ਪਿਆਰਿਆਂ ਦੀ ਸੰਸਥਾ ਤੋਂ ਅੰਮ੍ਰਿਤ ਛਕ ਕੇ ਉੱਦਮ ਕਰਨ ਦੀ ਲੋੜ ਹੈ। ਗੁਰੂ ਸਾਹਿਬਾਨ ਦੀ ਸੋਚ ਜੁਗੋ-ਜੁਗ ਅਟੱਲ ਰਹੇਗੀ। ਗੁਰੂ ਹੁਕਮ ਹੈ :ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈ ਸਾਰਾ। ਜਬ ਇਹ ਗਹੇ ਬਿਪਰਨ ਦੀ ਰੀਤ। ਮੈ ਨਾ ਕਰੋਂ ਇਨ ਕੀ ਪਰਤੀਤ।ਉਕਤ ਨਿਸ਼ਾਨੇ ਦੀ ਪੂਰਤੀ ਲਈ ਗੁਰੂ ਪੰਥ ਦੀ ਸਿਧਾਂਤਕ ਰੌਸ਼ਨੀ ਵਿਚ ਇਕ ਵਿਸ਼ਵ ਵਿਆਪੀ, ਸਮਾਜਿਕ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਢਾਂਚਾ ਅਥਵਾ ਮਾਡਲ ਘੜਨਾ ਪੈਣਾ ਹੈ ਜੋ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ ਗੁਰੂ-ਆਦਰਸ਼ ਮੁਤਾਬਿਕ ਦੇਸ਼-ਕਾਲ ਦੀਆਂ ਸਮੂਹਕ ਹੱਦ ਬੰਦੀਆਂ ਨੂੰ ਤੋੜ ਕੇ, ਸਮੁੱਚੀ ਮਨੁੱਖਤਾ ਨੂੰ ਇਕੋ ਇੰਤਜ਼ਾਮੀਆ ਇਕਾਈ ਵਿਚ ਬੰਨ੍ਹ ਸਕੇ ਅਰਥਾਤ ਸਮਾਜਿਕ-ਆਰਥਿਕ ਵਖਰੇਵਿਆਂ ਦੇ ਟੋਏ-ਟੱਬਿਆਂ ਨੂੰ ਪੱਧਰਾ ਕਰਕੇ, ਸਰਬੱਤ ਦੇ ਭਲੇ ਜਿਹੇ ਮਾਨਵਤਾਵਾਦੀ ਅਸੂਲਾਂ 'ਤੇ ਆਧਾਰਿਤ ਸਰਬ ਸਾਂਝੀਵਾਲਤਾ ਦੇ ਸੰਕਲਪ ਨੂੰ ਮੂਰਤੀਮਾਨ ਕਰੇ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਾਜ ਵਿਚ ਵਿਵਹਾਰਕ ਤੌਰ 'ਤੇ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਗੁਰੂ ਪੰਥ ਦੀ ਹੈ। ਅੱਜ ਗੁਰੂ ਪੰਥ ਦੇ ਵਾਰਸਾਂ ਨੂੰ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਹੋ ਕੇ ਪੰਥਕ ਐਲਾਨਨਾਮੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੰਜੀਦਾ ਯਤਨ ਆਰੰਭਣੇ ਚਾਹੀਦੇ ਹਨ।

**-ਸ੍ਰ. ਇਕਬਾਲ ਸਿੰਘ**

# ENDEAVOUR / ENTERPRISE

“Enterprise or endeavour leads to wealth, just as a fan brings a cool breeze.” Even a person who does not fully understand the meaning of this saying often uses it in praise of hard work and an enterprising nature.

In Sikhism, great emphasis has been laid on endeavour so that a person, while leading a responsible family life, may also play a worthy role in society, religion, and the community. Through the sacred teachings of the Gurus and Gurbani, one is inspired in many ways to lead an active and enthusiastic life. Gurbani teaches that the spirit of endeavour purifies the mind and energizes the body:

“By making the endeavour, my mind is rendered purified.” (Ang 99) Endeavour, which is a keynote of the Sikh faith, also brings peace, joy, and calmness to the mind: “By endeavouring in the way of God, the heart becomes joyful.”

(Ang 201) This uddam (endeavour) does not support asceticism, renunciation, or escapism. Rather, it encourages an active household life. The spirit of endeavour rejects parasitism and laziness. A true devotee of the Guru is a sincere and honest worker — a giver, a donor, and one who shares earnings with the less fortunate.

It is an established truth that righteous endeavour brings contentment and deep inner satisfaction. Efforts made in the spiritual sphere lead toward supreme bliss: “By endeavouring in the way of God, I found bliss.” (Ang 815) However, endeavours driven by ego cannot be called pure, for they fill the mind with pride and self-conceit, ultimately leading a person toward evil passions and destructive tendencies. Such a person deviates from the true purpose of life. Gurbani warns:“In ego, one loses one’s caste and lineage.” Therefore, to become successful on the journey of life, one must remain alert and ensure that one’s efforts are positive, wise, and righteous. Sri Guru Granth Sahib Ji provides complete guidance so that one may not abandon the path of endeavour and fall into laziness or inactivity.

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ।।
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ।।
ਅੰਗ – 522

“By endeavouring and working honestly, O soul, enjoy peace and happiness. By meditating upon God, attain union with the Lord; thus, says Nanak, your anxieties shall depart.”(Ang 522)

One is expected to work hard and do so with honesty and diligence. Through righteous earnings, a person can lead a socially honourable and respectable life. Such earnings provide comfort and fulfilment to the devotee. Along with performing worldly duties, the enterprising devotee should constantly remember God, the Bestower of all blessings and the Supreme Giver. By maintaining this balance between worldly responsibilities and spiritual remembrance, one can attain union with the Almighty. Such a person neither remains burdened with worry nor fears worldly troubles. The individual whose hands remain engaged in honest labour and whose mind remains focused on the Divine Master successfully crosses the worldly ocean. Through selfless dedication to an enterprising life and remembrance of the Holy Name, such a person becomes successful in this world and acceptable in the Divine Court.

ਉਦਮੁ ਕਰਤ ਸੀਤਲ ਮਨ ਭਏ ।।
ਮਾਰਗਿ ਚਲਤ ਸਗਲ ਦੁਖ ਗਏ ।।ਅੰਗ – 201

“By endeavouring in the way of God, the mind becomes peaceful and serene; By walking upon this path, all suffering departs.”
(Ang 201)

True endeavour brings peace to the mind and removes suffering from life. Gurbani does not encourage idleness, dependence, or withdrawal from society. Instead, it teaches humanity to live actively, truthfully, and responsibly while remaining spiritually connected with the Divine. The Sikh way of life is therefore a balanced path — combining honest labour, remembrance of God, sharing with others, and selfless service. Such endeavour not only uplifts the individual but also strengthens society and humanity as a whole.

**Saroop Singh Alag**

# ਹਰਿ ਕੇ ਨਾਮ ਬਿਨਾ ਦੁਖੁ ਪਾਵੈ

ਗੁਰਮਤਿ ਵਿੱਚ ਨਾਮ ਜਪਣ ਦੀ ਬੜੀ ਮਹਿਮਾ ਹੈ । ਨਾਮ ਸਿਮਰਨ ਨੂੰ ਸਾਰੇ ਕੰਮਾਂ ਤੋਂ ਸ੍ਰੇਸ਼ਟ ਕਿਹਾ ਹੈ । ਨਾਮ ਤੋਂ ਬਿਨਾਂ ਜੀਵਨ ਵਿੱਚ ਸੁਖ, ਆਨੰਦ ਨਹੀਂ ਆ ਸਕਦਾ। ਹਰੇਕ ਮਨੁੱਖ ਚਾਹੁੰਦਾ ਹੈ ਕਿ ਜੀਵਨ ਸੁਖੀ ਹੋਵੇ, ਕੋਈ ਦੁੱਖ ਨਾ ਆਵੇ । ਸੁਖਾਂ ਦੀ ਪ੍ਰਾਪਤੀ। ਵਾਸਤੇ ਮਨੁੱਖ ਨੇ ਬੜੇ ਜਤਨ ਕੀਤੇ । ਗੁਰੂ ਤੇਗ ਬਹਾਦਰ ਜੀ ਦਾ ਬਚਨ ਵੀ ਹੈ-

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥
(ਅੰਗ ੧੪੨੮)

ਪਰ ਏਨੇ ਜਤਨ ਕਰਨ 'ਤੇ ਵੀ ਮਨੁੱਖ ਨੂੰ ਸੁਖ ਨਹੀਂ ਮਿਲਿਆ । ਮਨੁੱਖ ਸੋਚਦਾ ਹੈ ਕਿ ਸ਼ਾਇਦ ਧਨ ਪਦਾਰਥ ਵਿੱਚ ਸੁਖ ਹੈ, ਇਸ ਲਈ ਸਾਰੀ ਉਮਰ ਧਨ ਹੀ ਇਕੱਠਾਕਰਦਾ ਰਹਿੰਦਾ ਹੈ, ਬੜੀਆਂ ਮੱਲਾਂ ਮੱਲਦਾ ਹੈ ਪਰ ਪਾਤਸ਼ਾਹ ਦਾ ਬਚਨ ਹੈ.-

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥ਸੁਖੁ ਨਾਹੀ ਬਹੁ ਦੇਸ ਕਮਾਏ॥
ਸਰਬ ਸੁਖਾ ਹਰਿ ਹਰਿ ਗੁਣ ਗਾਏ ॥ (ਅੰਗ ੧੧੪੭)

ਜਿੰਨਾ ਚਿਰ ਮਨੁੱਖ ਸੁੱਖਾਂ ਦੇ ਦਾਤੇ ਪ੍ਰਮਾਤਮਾ ਨਾਲ ਨਹੀਂ ਜੁੜਦਾ । ਜੀਵਨ ਵਿੱਚ ਆਨੰਦ ਨਹੀਂ ਆਏਗਾ ਕਿਉਂਕਿ-

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥ (ਅੰਗ ੧੪੨੬)

ਪ੍ਰਮਾਤਮਾ ਤੋਂ ਵਿਛੜ ਕੇ ਤਾਂ ਜੀਵਨ ਨਰਕ ਬਣ ਜਾਂਦਾ ਹੈ। ਦੁੱਖਾਂ ਦਾ ਘਰ ਬਣਜਾਂਦਾ ਹੈ । ਸੁਪਨੇ ਵਿੱਚ ਵੀ ਕਦੇ ਸੁੱਖਾਂ ਦੀ ਪ੍ਰਾਪਤੀ ਨਹੀਂ ਹੁੰਦੀ । ਰੱਬ ਨਾਲੋਂ ਟੁੱਟ ਕੇ ਮਨੁੱਖ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ ।

ਲਾਜ ਮਰੈ ਜੋ ਨਾਮੁ ਨ ਲੇਵੈ ॥
ਨਾਮ ਬਿਹੂਨ ਸੁਖੀ ਕਿਉ ਸੋਵੈ॥ (ਅੰਗ ੧੧੪੮)

ਇਕ ਛਿਨ ਵੀ ਮਨੁੱਖ ਪ੍ਰੇਮ ਵਿੱਚ ਟਿਕ ਕੇ ਮਨ ਕਰਕੇ ਪ੍ਰਮਾਤਮਾ ਨੂੰ ਯਾਦ ਕਰੇ ਤਾਂ ਇਸ ਨੂੰ ਪਤਾ ਲਗੇਗਾ ਕਿ ਉਹ ਛਿਨ ਕਿੰਨਾ ਅਨੰਦਮਈ ਹੈ । ਮਨੁੱਖ ਜੀਵਨ ਦੱ ਬਾਜੀ ਜਿੱਤ ਕੇ ਜਾਏਗਾ ਪਰ ਭਗਤੀ ਤੋਂ ਬਿਨਾਂ ਨਾ ਤੇ ਜੀਵਨ ਸਫਲ ਹੈ, ਨਾ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ । ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਗਉੜੀ ਰਾਗ ਵਿੱਚ ਬੜਾ ਸੁੰਦਰ ਫੁਰਮਾਨ ਹੈ.

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਿਤ ਜਪਿ ਇਕ ਖਿਨਾ ॥
(ਅੰਗ ੨੧੦)

ਨਾਮ ਦੇ ਟਾਕਰੇ 'ਤੇ ਬਾਕੀ ਸਾਰੇ ਕਰਮ-ਕਾਂਡ ਵਿਅਰਥ ਹਨ ।ਇਕ ਸ਼ਬਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਅਨੇਕਾਂ ਕਰਮ-ਕਾਡਾਂ ਦਾ ਜ਼ਿਕਰ ਕੀਤਾ ਹੈ ਤੇ ਅਖੀਰ ਵਿੱਚ ਕਹਿ ਦਿੱਤਾ ਕਿ ਸਾਧ-ਸੰਗਤ ਨਾਲ ਮਿਲਕੇ ਪ੍ਰਮਾਤਮਾ ਦੇ ਗੁਣ ਗਾਉਣੇ ਸਭ ਤੋਂ ਉੱਤਮ ਕਰਮ ਹੈ ਪਰ ਸੰਗਤ ਪ੍ਰਭੂ ਦੀ ਕਿਰਪਾ ਨਾਲ ਮਿਲਦੀ ਹੈ.-

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ (ਅੰਗ ੬੪੨)



ਨਾਮ ਤੋਂ ਬਿਨਾਂ ਮਨੁੱਖ ਦਾ ਹਿਰਦਾ ਵਿਕਾਰਾਂ ਦੀ ਅੱਗ ਵਿੱਚ ਸੜਦਾ ਹੈ । ਸਿਮਰਨ ਤੋਂ ਬਿਨਾਂ ਹੋਰ ਕੋਈ ਉਪਾਉ ਨਹੀਂ ਕਿ ਮਨੁੱਖ ਵਿਕਾਰਾਂ ਦੀ ਸੜਨ ਤੋਂ ਬਚ ਸਕੇ । ਸ੍ਰੀ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ.-

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ (ਅੰਗ ੧੪)

ਪਰਮਾਤਮਾ ਤੋਂ ਵਿਛੜ ਕੇ ਅਨੇਕਾਂ ਦੁੱਖ ਮਨੁੱਖ ਨੂੰ ਚੰਬੜਦੇ ਹਨ । ਇਸ ਨੂੰ ਵੇਖਦੇ ਹੀ ਗੁਰੂ ਸਾਹਿਬ ਨੇ ਕਹਿ ਦਿੱਤਾ-

ਨਾਨਕ ਦੁਖੀਆ ਸਭ ਸੰਸਾਰ ॥

ਜਦੋਂ ਕੋਈ ਨਾਮ ਹਿਰਦੇ ਵਿੱਚ ਵਸਾ ਲੈਂਦਾ ਹੈ । ਫਿਰ ਕੋਈ ਦੁੱਖ ਮਨੁੱਖ ਨੂੰ ਨਹੀਂ ਪੋਹ ਸਕਦਾ । ਐਸਾ ਮਨੁੱਖ ਹਰ ਹਾਲਤ ਵਿੱਚ ਪ੍ਰਸੰਨ ਰਹਿੰਦਾ ਹੈ । ਪਰ ਮਨਮੁਖ ਬੰਦਾ ਹਰ ਹਾਲਤ ਵਿੱਚ ਦੁਖੀ ਰਹਿੰਦਾ ਹੈ ਭਾਵੇਂ ਕਿੰਨੀਆਂ ਵੀ ਸਹੂਲਤਾਂ ਕੋਲ ਹੋਣ ।

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥ (ਅੰਗ ੩੨੨)

ਪਰ ਇਹ ਭੇਦ ਗੁਰੂ ਤੋਂ ਮਿਲਦਾ ਹੈ । ਗੁਰੂ ਪਾਸੋਂ ਹੀ ਸੋਝੀ ਮਿਲਦੀ ਹੈ ਕਿ ਅਸਲ ਸੁੱਖ ਕੀ ਹੈ । ਗੁਰੂ ਤੇਗ ਬਹਾਦਰ ਜੀ ਦਾ ਬਿਲਾਵਲ ਰਾਗ ਵਿੱਚ ਫੁਰਮਾਨ ਹੈ-

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥
(ਅੰਗ ੮੩੦)

**ਗਿਆਨੀ ਕੁਲਵੰਤ ਸਿੰਘ**

# ਇਹ ਹੈ ਖ਼ਾਲਸਈ ਆਚਰਨ

ਮੁਗ਼ਲਾਂ ਦੇ ਸ਼ਾਹੀ ਤਖ਼ਤ ਦੇ ਨੌਜੁਆਨ ਵਾਰਸ, ਬਾਦਸ਼ਾਹ ਫਰੁਖ਼ਸੀਅਰ ਇਸ ਕਰਕੇ ਵੀ ਡਾਢਾ ਪੇਸ਼ਾਨ ਨਜ਼ਰ ਆਉਂਦਾ ਹੈ ਕਿ ਭਾਵੇਂ ਬੰਦਾ ਸਿੰਘ ਦੇ ਸਾਥੀ ਗ੍ਰਿਫਤਾਰ ਸਿੱਖਾਂ ਨੂੰ ਹਰ ਰੋਜ਼ ਸੌ ਸਿੱਖ ਦੇ ਹਿਸਾਬ, ਦਿੱਲੀ ਦੀ ਕੋਤਵਾਲੀ ਦੇ ਨੇੜੇ ਆਵਾਮ ਤਮਾਸ਼ਬੀਨਾਂ ਦੇ ਸਾਹਮਣੇ ਕਤਲ ਕਰਾਇਆ ਜਾ ਰਿਹਾ ਹੈ, ਪਰ ਇਹਨਾਂ 'ਚੋਂ ਇਕ ਵੀ ਸਿੱਖ ਨੇ ਆਪਣਾ ਸਿੱਖੀ ਧਰਮ ਤਿਆਗਣ ਦੀ ਗੱਲ ਨਹੀਂ ਗੌਲੀ, ਬਲਕਿ ਉਨ੍ਹਾਂ ਵਿੱਚ ਧਰਮ ਦਾ ਜ਼ਜਬਾ ਇਤਨਾ ਪਬਲ ਨਜ਼ਰ ਆਇਆ ਹੈ ਕਿ ਉਹ ਸਗੋਂ ਜਲਾਦ ਨਾਲ ਮਖ਼ੌਲ ਹੀ ਨਹੀਂ ਕਰਦੇ, ਬਲਕਿ ਉਸਨੂੰ ਪਹਿਲਾਂ ਕਤਲ ਹੋਣ ਲਈ ਬੇਨਤੀਆਂ ਵੀ ਕਰਦੇ ਹਨ। ਸਿੱਖਾਂ ਦੀ ਕੁਰਬਾਨੀ, ਤੇ ਤਿਆਗ ਦੇ ਇਸ ਪ੍ਰਬਲ ਜਜ਼ਬੇ ਦੀ ਸ਼ਾਹ-ਜਹਾਨਾਬਾਦ (ਦਿੱਲੀ) ਦੇ ਘਰ-ਘਰ ਤੇ ਗਲੀ-ਕੂਚੇ ਵਿਚ ਚਰਚਾ ਚਲ ਰਹੀ ਹੈ। ਲੋਕ ਕੋਤਵਾਲੀ ਦੇ ਸਾਹਮਣੇ ਇਕ ਤਕੜੀ ਗਿਣਤੀ ਵਿੱਚ ਹਾਜ਼ਰ ਹੁੰਦੇ ਹਨ ਅਤੇ ਇਉਂ ਅੱਖੀਂ ਡਿੱਠੇ ਹਾਲਾਤ ਇਕ ਦੂਜੇ ਨੂੰ ਸੁਣਾਉਂਦੇ ਹੋਏ ਸਿੱਖ ਸ਼ਹੀਦਾਂ ਨੂੰ ਦਾਦ ਦੇਂਦੇ, ਆਮ ਵੇਖੇ ਜਾਂਦੇ । ਇਹਨਾਂ ਕਤਲਾਂ ਨੂੰ ਵੇਖਣ ਲਈ ਵਿਦਵਾਨ ਲੋਕ ਵੀ ਆਉਂਦੇ ਹਨ, ਜਿਨ੍ਹਾਂ ਵਿਚ ਮੁਸਲਮਾਨਾਂ ਤੋਂ ਇਲਾਵਾ, ਹਿੰਦੂ ਤੇ ਅੰਗਰੇਜ਼ ਵੀ ਹੁੰਦੇ ਹਨ, ਜੋ ਅੱਖੀਂ ਡਿੱਠੇ ਹਾਲਾਤ ਨਾਲੋਂ-ਨਾਲ ਕਲਮਬੰਦ ਕਰੀ ਜਾ ਰਹੇ ਹਨ । ਇਹ ਸਾਰੀਆਂ ਗੱਲਾਂ, ਕਾਰੇ-ਖ਼ਾਸ ਦੇ ਅਧਿਕਾਰੀਆਂ ਰਾਹੀਂ ਰੋਜ਼-ਬ-ਰੋਜ਼ ਬਾਦਸ਼ਾਹ ਫਰੁਖ਼ਸੀਅਰ ਪਾਸ ਪੁੱਜ ਰਹੀਆਂ ਹਨ, ਜੋ ਬਾਦਸ਼ਾਹ ਨੂੰ ਹੈਰਾਨ ਤੇ ਪ੍ਰੇਸ਼ਾਨ ਕਰ ਰਹੀਆਂ ਹਨ ।....ਪਰ ਅਜ ਇਕ ਚੌਦਾਂ-ਪੰਦਰਾਂ ਵਰਿਆਂ ਦੇ ਸਿੱਖ ਬੱਚੇ ਦੀ ਦਲੇਰੀ-ਭਰੀ ਕੁਰਬਾਨੀ ਦੀ ਦਾਸਤਾਨ ਜਦੋਂ ਸਰਬਰਾਹ ਖ਼ਾਨ, ਕੋਤਵਾਲ ਨੇ ਬਾਦਸ਼ਾਹ ਦੀ ਖ਼ਿਦਮਤ ਵਿੱਚ ਹਾਜ਼ਰ ਹੋ ਕੇ ਸੁਣਾਈ, ਤਾਂ ਬਾਦਸ਼ਾਹ ਨੇ ਇਉਂ ਮਹਿਸੂਸ ਕੀਤਾ, ਜਿਵੇਂ ਇਹ ਹਕੀਕਤ ਨਹੀਂ, ਬਲਕਿ ਕੋਈ ਅਫ਼ਸਾਨਾ ਬਿਆਨ ਕੀਤਾ ਜਾ ਰਿਹਾ ਹੋਵੇ । ਪਰ ਇਹ ਤਾਂ ਹਕੀਕਤ ਸੀ-ਇਕ ਕਰੜੀ ਹਕੀਕਤ !ਅਜ ਸਵੇਰ ਦੀ ਹੀ ਤਾਂ ਗੱਲ ਸੀ, ਜਦੋਂ ਉਸਦੇ ਵਜ਼ੀਰੇ-ਆਲ੍ਹਾ ਅਮੀਨ-ਉਦ-ਦਉਲਾ ਨੇ ਆਪਣੇ ਦੀਵਾਨ ਰਤਨ ਚੰਦ ਦੀ ਸਿਫ਼ਾਰਸ਼ 'ਤੇ ਇਕ ਬੁੱਢੀ ਪੰਜਾਬਣ ਔਰਤ ਨੂੰ ਬਾਦਸ਼ਾਹ ਫਰੁਖ਼ਸੀਅਰ ਦੇ ਰੂਬਰੂ ਪੇਸ਼ ਕੀਤਾ ਸੀ ਅਤੇ ਉਸਦੇ ਬੱਚੇ ਦੀ ਰਿਹਾਈ ਲਈ ਸਿਫਾਰਸ਼ ਕੀਤੀ ਸੀ । ਤੇ ਇਹ ਗੱਲ ਸੁਣ ਕੇ ਬਾਦਸ਼ਾਹ ਨੇ ਦਿਲ ਹੀ ਦਿਲ ਕਿਤਨੀ ਤਸਕੀਨ ਮਹਿਸੂਸ ਕੀਤੀ ਸੀ । ਉਸਨੂੰ ਇੰਜ ਮਹਿਸੂਸ ਹੋਇਆ ਸੀ, ਜਿਵੇਂ ਕਿ ਇਕ ਡੁਬਦੇ ਹੋਏ ਬੰਦੇ ਨੂੰ ਤਿਨਕੇ ਦਾ ਸਹਾਰਾ ਮਿਲ ਗਿਆ ਹੋਵੇ । ਤੇ ਉਸ ਰਿਹਾਈ ਦਾ ਫਰਮਾਨ ਵਜ਼ੀਰੇ-ਆਲ੍ਹਾ ਦੇ ਹਵਾਲੇ ਕਰਦਿਆਂ ਹੋਇਆਂ, ਬੁੱਢੀ ਨੂੰ ਇਸ ਤਰ੍ਹਾਂ ਸਮਝਾਇਆ ਸੀ:-"ਦੇਖੋ, ਹਮ ਨੇ ਤੁਮਾਰੇ ਲੜਕੇ ਕੀ ਰਿਹਾਈ ਦਾ ਹੁਕਮ ਸਾਦਰ ਕਰ ਦੀਆ ਹੈ। ਮਗਰ, ਯਿਹ ਰਿਹਾਈ ਤਭੀ ਮੁਮਕਿਨ ਹੋ ਸਕਤੀ ਹੈ, ਅਗਰ ਤੁਮ੍ਹਾਰਾ ਬੱਚਾ ਬਾ-ਆਵਾਰ ਬੁਲੰਦ ਯਿਹ ਕਹੇ ਕਿ ਵੁਹ ਸਿੱਖ ਨਹੀਂ ਹੈ । ਯਿਹ ਕਹਿਣਾ ਜ਼ਰੂਰੀ ਹੈ, ਵਰਨਾ ਉਸੇ ਭੀ ਬਾਕੀ ਸਿੱਖੋਂ ਕੇ ਸਾਥ ਹੀ ਕਤਲ ਕਰਵਾ ਦੀਆ ਜਾਏਗਾ ।"ਅਗੋਂ ਉਸ ਬੁੱਢੀ, ਵਿਧਵਾ ਤੇ ਮਮਤਾ ਦੀ ਮਾਰੀ ਲਾਚਾਰ ਔਰਤ ਨੇ ਬਾਦਸ਼ਾਹ ਦੇ ਪੈਰਾਂ 'ਤੇ ਡੰਡੌਤ ਕਰਦਿਆਂ ਹੋਇਆ ਕਿਹਾ ਸੀ:-'ਬਾਦਸ਼ਾਹ ਜੀ, ਕਿਉਂ ਨਾ ਆਖੇਗਾ ਮੇਰਾ ਬੱਚਾ ?... ਉਹਨੂੰ ਆਖਣ 'ਚ ਕੀ ਹਰਜ ਏ ਭਲਾ ? ਉਹਦੀ ਜਾਨ ਬਖ਼ਸ਼ੀ ਹੋ ਰਹੀ ਏ, ਉਹ ਜ਼ਰੂਰ... ਆਖੇਗਾ, ਆਪਣੀ ਬੁੱਢੀ ਬੇ-ਸਹਾਰਾ ਮਾਂ ਦੀ ਖ਼ਾਤਰ ਮੇਰਾ ਬੱਚਾ ਬੇ-ਕਸੂਰ ਏ, ਉਹਨੂੰ ਤਾਂ ਐਵੇਂ ਹੀ ਰਾਹ 'ਚੋਂ ਫੜ ਲਿਆ ਨੇ ।"ਤੇ ਵਜ਼ੀਰੇ-ਆਲ੍ਹਾ ਦੇ ਨਾਲ ਹੀ ਬੁੱਢੀ ਦੇ ਬਾਹਰ ਜਾਣ ਪਿਛੋਂ ਫਰੁਖ਼ਸੀਅਰ ਨੇ ਦਿਲ ਹੀ ਦਿਲ ਵਿੱਚ ਸੋਚਿਆ ਸੀ, ਚਲੋ, ਇਹਨਾਂ ਸਿੱਖ 'ਚੋਂ ਇਕ ਤਾਂ ਨਿਤਰਿਆ, ਭਾਵੇਂ ਬੱਚਾ ਹੀ ਹੈ । ਸਿੱਖਾਂ ਦੇ ਤਾਂ ਬੱਚੇ ਵੀ ਜੰਮਦੀਆਂ ਸੂਲਾਂ ਵਾਂਗ ਤਿੱਖੇ ਹੁੰਦੇ ਹਨ ?...ਠੀਕ ਹੈ, ਜਦੋਂ ਉਹ ਹਜ਼ਾਰਾਂ ਤਮਾਸ਼ਬੀਨਾਂ, ਤਵਾਰੀਖ਼ਦਾਨਾਂ, ਤੇ ਅਹਿਲਕਾਰਾਂ ਦੀ ਮੌਜੂਦਗੀ ਵਿੱਚ ਇਹ ਗੱਲ ਬੁਲੰਦ ਆਵਾਜ਼ ਨਾਲ ਕਹੇਗਾ ਕਿ 'ਉਹ ਸਿੱਖ ਨਹੀਂ ਹੈ'... ਤਾਂ ਇਸਦਾ ਅਸਰ, ਜਿਥੇ ਬਾਕੀ ਦੇ ਸਿੱਖਾਂ ਦੇ ਇਖ਼ਲਾਕ ਤੇ ਪਵੇਗਾ, ਉਥੇ ਉਹ ਬੰਦਾ ਸਿੰਘ ਨੂੰ ਵੀ ਇਸ ਗੱਲ ਦੇ ਸਹਾਰੇ ਸ਼ਰਮਸਾਰ ਕਰ ਸਕੇਗਾ ਕਿ ਉਸਦੇ ਸਾਥੀ ਕੈਸੇ ਡਰਪੋਕ ਨਿਕਲੇ ਹਨ, ਜੋ ਮੌਤ ਤੋਂ ਖ਼ੌਫਜ਼ਦਾ ਹੋ ਕੇ ਆਪਣੇ ਸਿੱਖ ਮਜ਼ਹਬ ਤੋਂ ਵੀ ਮੁਨਕਰ ਹੋ ਗਏ ਹਨ।ਇਹ ਗੱਲਾਂ ਸੋਚ ਕੇ ਉਹ ਦਿਲ ਹੀ ਦਿਲ ਖੁਸ਼ ਹੋ ਰਿਹਾ ਸੀ. . . ਪਰ ਉਸਦੀ ਪ੍ਰੇਸ਼ਾਨੀ ਦੀ ਹੱਦ ਨਾ ਰਹੀ, ਜਦੋਂ ਸਰਬਰਾਹ ਖ਼ਾਨ, ਕੋਤਵਾਲ ਨੇ ਉਸਦੀ ਖ਼ਿਦਮਤ ਵਿੱਚ ਹਾਜ਼ਰ ਹੋ ਕੇ ਦਸਿਆ ਕਿ ਉਸ ਬੁੱਢੀ ਔਰਤ ਦੇ ਵਾਰ-ਵਾਰ ਟੋਕਣ, ਰੋਣ-ਕੁਰਲਾਉਣ ਦੇ ਬਾਵਜੂਦ, ਉਸ ਸਿੱਖ ਬੱਚੇ ਨੇ ਆਪਣੀ ਮਾਂ ਦੀ ਇਕ ਨਹੀਂ ਮੰਨੀ, ਤੇ ਉਸ ਉੱਚੀ-ਉੱਚੀ ਕੂਕ-ਕੂਕ ਕੇ ਕਿਹਾ ਕਿ 'ਉਹ ਗੁਰੂ ਗੋਬਿੰਦ ਸਿੰਘ ਦਾ ਸਿੱਖ ਹੈ, ਉਸਦੀ ਮਾਂ ਝੂਠ ਬੋਲਦੀ ਹੈ, ਉਹ ਸਿੱਖ ਦਾ ਬੱਚਾ ਹੈ, ਔਰ ਸਿੱਖ ਹੈ । ਉਸ ਨਾਲ ਵੀ ਉਸਦੇ ਵੀਰਾਂ ਵਰਗਾ ਸਲੂਕ ਕੀਤਾ ਜਾਏ, ਤਾਂ ਜੋ ਉਹ ਵੀ ਆਪਣੇ ਵੀਰਾਂ ਤੇ ਬਜ਼ੁਰਗਾਂ ਸੰਗ ਜਾ ਰਲੇ ।'"ਅਖ਼ੀਰ, ਕੋਈ ਚਾਰਾ ਚਲਦਾ ਨਾ ਵੇਖ ਕੇ ਉਹ ਵੀ ਜਦ ਦੀ ਸ਼ਮਸ਼ੀਰ ਤੋਂ ਪਾਰ ਹੋ ਗਿਆ ।ਜਿਉਂ ਜਿਉਂ ਸਰਬਰਾਹ ਖ਼ਾਨ ਇਸ ਬੱਚੇ ਬਾਰੇ ਫਰੁਖ਼ਸੀਅਰ ਨੂੰ ਜਾਣਕਾਰੀ ਦੇ ਰਿਹਾ ਸੀ, ਤਿਉਂ-ਤਿਉਂ ਉਹ ਫਿਰ ਫਿਕਰ-ਚਿੰਤਾ ਵਿੱਚ ਡੁੱਬਦਾ ਜਾ ਰਿਹਾ ਸੀ । ਤੇ ਕਿਤਨੀ ਦੇਰ ਤੱਕ ਖ਼ਾਮੋਸ਼-ਖ਼ਾਮੋਸ਼ ਨਜ਼ਰਾਂ ਨਾਲ ਉਹ, ਬਾਹਰ ਪਸਰ ਰਹੇ ਹਨ੍ਹੇਰੇ ਨੂੰ ਘੂਰਦਾ ਰਿਹਾ । ਕੁਝ ਚਿਰ ਦੀ ਚੁੱਪ ਪਿਛੋਂ, ਉਸ ਨੇ ਵਜ਼ੀਰ (ਅਮੀਨ-ਉਦ-ਦੌਲਾ) ਨੂੰ ਪੁਛਿਆ.-"ਅਮੀਨ.... ਸਿੱਖ ਤਾਂ ਪਿਛੇ ਰਹੇ, ਸਿੱਖਾਂ ਦੇ ਬੱਚੇ ਵੀ ਸਾਡੀ ਇਸ ਖੂਨੀ ਸ਼ਮਸ਼ੀਰ ਤੋਂ ਖ਼ੌਫਜ਼ਦਾ ਨਹੀਂ ਹੋਏ । ਇਸ ਦੀ ਆਖ਼ਰ ਵਜਹ ਕੀ ਹੈ ?"ਅਮੀਨ-ਉਦ-ਦੌਲਾਹ ਨੇ ਉੱਤਰ ਦੇਂਦਿਆ ਹੋਇਆ ਕਿਹਾ.-"ਬਾਦਸ਼ਾਹ ਸਲਾਮਤ, ਇਸ ਗੱਲ ਦਾ ਜੁਆਬ ਮੈਂ ਹਜ਼ੂਰ ਨੂੰ ਦੋ ਦਿਨਾਂ ਬਾਅਦ 'ਅਮਲੀ ਤੌਰ ਤੇ ਦਿਆਂਗਾ ।"ਤੇ ਇਹ ਕਹਿ ਕੇ ਅਮੀਨ-ਉਦ-ਦੌਲਾਹ ਤੇ ਸਰਬਰਾਹ ਖ਼ਾਨ, ਮਹੱਲਾਂ ਤੋਂ ਬਾਹਰ ਆਗਏ । ਬਾਹਰ ਆ ਕੇ, ਵਜ਼ੀਰ ਨੇ ਕੋਤਵਾਲ ਨੂੰ ਹੁਕਮ ਦਿੱਤਾ ਕਿ ਚਾਰ ਸਿੱਖਾਂ ਨੂੰ, ਜਿਨ੍ਹਾਂ ਦੀਆਂ ਉਮਰਾਂ 'ਚ ਫਰਕ ਹੋਵੇ, ਇਕ ਵੱਖਰੀ ਹਵਾਲਾਤ ਵਿੱਚ ਬੰਦ ਕਰ ਦਿਤਾ ਜਾਏ, ਅਤੇ ਦੋ ਦਿਨਾਂ ਤਕ ਇਹਨਾਂ ਨੂੰ ਖਾਣ-ਪੀਣ ਲਈ ਕੁਝ ਨਾ ਦਿੱਤਾ ਜਾਏ । ਸੋ ਸਰਬਰਾਹ ਖ਼ਾਨ ਨੇ ਹੁਕਮ ਦੀ ਪਾਲਨਾ ਕਰਨ ਪਿਛੋਂ ਵਜ਼ੀਰੇ-ਆਲ੍ਹਾ, ਨੂੰ ਇਸ ਦੀ ਜਾਣਕਾਰੀ ਦੇ ਦਿੱਤੀ । ਦੋ ਦਿਨਾਂ ਪਿਛੋਂ ਵਜ਼ੀਰੇ-ਆਲਾ ਬਾਦਸ਼ਾਹ ਫਰੁਖ਼ਸੀਅਰ ਨੂੰ ਨਾਲ ਲੈ ਕੇ ਉਸ ਹਵਾਲਾਤ ਦੇ ਬਾਹਰ ਆ ਕੇ ਖੜਾ ਹੋ ਗਿਆ, ਜਿਥੇ ਚਵਾਂ ਭੁੱਖਣ-ਭਾਣੇ ਸਿੱਖਾਂ ਨੂੰ ਬੰਦ ਕੀਤਾ ਹੋਇਆ ਸੀ। ਉਹ ਖੁਫ਼ੀਆ ਤੌਰ 'ਤੇ ਖੜੇ ਹੋਏ ਉਹਨਾਂ ਦੀਆਂ ਹਰਕਤਾਂ ਵੇਖਦੇ ਰਹੇ । ਉਹਨਾਂ ਚਵਾਂ ਸਿੱਖਾਂ ਨੂੰ ਕੇਵਲ ਦੋ ਰੋਟੀਆਂ ਖਾਣ ਨੂੰ ਦਿੱਤੀਆਂ । ਸਭ ਤੋਂ ਛੋਟੀ ਉਮਰ ਦੇ ਗਭਰੂ ਨੇ ਉਹ ਦੋਵੇਂ ਰੋਟੀਆਂ ਚੁੱਕ ਕੇ ਆਪਣੇ ਤੋਂ ਵੱਡੇ ਨੌਜੁਆਨ ਨੂੰ ਦੇਂਦਿਆਂ ਹੋਇਆ ਕਿਹਾ-"ਭਾਉ, ਇਹ ਪ੍ਰਸ਼ਾਦ ਤੁਸੀਂ ਛਕੋ । ਤੁਸੀਂ ਇਹਨਾਂ ਮੁਗ਼ਲਾਂ ਨਾਲ ਲੋਹਾ ਲੈਣ ਦੇ ਯੋਗ ਹੋ । ਮੈਂਪਰ ਉਸ ਵੀ ਰੋਟੀਆਂ ਨਹੀਂ ਖਾਧੀਆਂ ਤੇ ਉਹ ਦੋਵੇਂ ਰੋਟੀਆਂ, ਆਪਣੇ ਤੋਂ ਕੁਝ ਵਡੇਰੀ ਉਮਰ ਦੇ ਸਿੱਖ ਅੱਗੇ ਧਰਦਿਆਂ ਹੋਇਆਂ ਕਿਹਾ-"ਵੀਰ ਜੀ, ਇਹ ਤੁਸੀਂ ਛੱਕ ਲਉ, ਤੁਸੀਂ ਘੋੜ-ਸਵਾਰੀ, ਸ਼ਸਤਰ-ਬਾਜ਼ੀ ਵਿੱਚ ਨਿਪੁੰਨ ੳ । ਤੁਹਾਡਾ ਜੀਉਣਾ ਪੰਥ ਅਤੇ ਦੇਸ਼ ਲਈ ਬੜਾ ਜ਼ਰੂਰੀ ਹੈ । ਪੰਥ ਨੂੰ ਤੁਹਾਡੇ ਜਿਹੇ ਯੋਧਿਆਂ ਤੋਂ ਬੜੀਆਂ ਆਸਾਂ ਹਨ ।"ਪਰ ਉਸ ਵੀ ਉਹ ਦੋਵੇਂ ਰੋਟੀਆਂ ਨਹੀਂ ਖਾਧੀਆਂ, ਤੇ ਉਹ ਦੋਵੇਂ ਰੋਟੀਆਂ ਉਸ ਬਜ਼ੁਰਗ ਸਿੱਖ ਨੂੰ ਦੇਂਦਿਆਂ ਹੋਇਆਂ ਕਿਹਾ-"ਬਾਪੂ ਜੀ, ਇਹ ਤੁਸੀਂ ਛੱਕ ਲਓ । ਮੈਂ ਜਵਾਨ ਜਹਾਨ ਆਂ, ਦੋ ਦਿਨ ਹੋਰ ਭੁੱਖਾ ਰਹਿ ਸਕਦਾ ਹਾਂ, ਪਰ ਬੁੱਢਾ ਸਰੀਰ ਤਾਂ ਪੂਰੀ ਟਹਿਲ ਸੇਵਾ ਮੰਗਦਾ ਹੈ ।"ਪਰ ਉਸ ਬਜ਼ੁਰਗ ਸਿੱਖ ਨੇ ਵੀ ਉਹ ਦੋ ਰੋਟੀਆਂ ਨਹੀਂ ਖਾਧੀਆਂ, ਤੇ ਉਸ ਫਿਰ ਉਸ ਸਭ ਤੋਂ ਛੋਟੀ ਉਮਰ ਦੇ ਸਿੱਖ ਗੱਭਰੂ ਨੂੰ ਪੇਸ਼ ਕਰਦਿਆਂ ਹੋਇਆ ਕਿਹਾ-'ਬਚੂ, ਇਹ ਤੂੰ ਖਾ ਲੈ । ਤੂੰ ਸਾਡੀ ਕੌਮ, ਸਾਡੇ ਦੇਸ਼ ਦੀ ਆਸ ਏ' । ਮੇਰਾ ਕੀ ਏ, ਮੈਂ ਤੇ ਹੁਣ ਉਮਰ ਗੁਜ਼ਾਰ ਚੁੱਕਾਂ ਅਤੇ ਨਦੀ ਕਿਨਾਰੇ ਰੁਖੜੇ ਵਾਂਗ ਹਾਂ ।'"ਉਸ ਬੱਚੇ ਨੇ ਹੋਰ ਕੋਈ ਚਾਰਾ ਚਲਦਾ ਨਾ ਵੇਖ ਕੇ ਕਿਹਾ-"ਚਲੋ, ਫਿਰ ਸਿੰਘੋ, ਜੇ ਕੋਈ ਵੀ ਇਕੱਲਾ ਨਹੀਂ ਖਾਂਦਾ, ਤਾਂ ਵੰਡ ਕੇ ਛੱਕ ਲੈਂਦੇ ਆਂ।'"ਉਹਨਾਂ ਚਵਾਂ ਨੇ ਅੱਧੀ-ਅੱਧੀ ਰੋਟੀ ਖਾ ਕੇ ਤੇ ਪਾਣੀ ਪੀ ਕੇ ਵਾਹਿਗੁਰੂ ਦਾ ਧੰਨਵਾਦ ਕੀਤਾ ।ਜਦ ਬਾਦਸ਼ਾਹ ਫਰੁਖ਼ਸੀਅਰ ਨੇ, ਇਹ ਘਟਨਾ ਤੇ ਵਾਰਤਾ, ਆਪਣੀ ਅੱਖੀਂ ਵੇਖੀ ਤੇ ਕੰਨੀਂ ਸੁਣੀ ਤਾਂ ਉਹ ਦੰਗ ਹੀ ਰਹਿ ਗਿਆ ਤੇ ਸੋਚੀ ਪੈ ਗਿਆ ਕਿ ਅਜਿਹੇਤਿਆਗ, ਸੁਆਰਥ-ਰਹਿਤ, ਕੁਰਬਾਨੀ, ਸੇਵਾ ਤੇ ਸਿੱਖੀ ਜਜ਼ਬੇ ਨਾਲ ਸਰਸ਼ਾਰ ਇਹਨਾਂ ਸਿੱਖਾਂ ਨੂੰ ਕੌਣ ਹਰਾਉਣ, ਦਬਾਉਣ ਤੇ ਝੁਕਾਉਣ ਦੇ ਸਮਰੱਥ ਹੋ ਸਕਦਾ ਹੈ ? ਤੇ ਇਸੇ ਪ੍ਰੇਸ਼ਾਨੀ ਦੀ ਹਾਲਤ ਵਿੱਚ ਸਣੇ ਵਜ਼ੀਰੇ-ਆਲ੍ਹਾ ਦੇ, ਉਹ ਦੀਵਾਨੇ-ਖ਼ਾਸ ਵਿੱਚ ਪਰਤ ਆਇਆ ।

**ਪਾਂਧੀ ਨਾਨਕਾਣਵੀ**



# ਸ਼ਹੀਦੀ ਸਾਕਾ ਸ੍ਰੀ ਪਾਉਂਟਾ ਸਾਹਿਬ

ਸਰਬੰਸਦਾਨੀ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜ਼ਿਲ੍ਹਾ ਸਿਰਮੌਰ ਰਿਆਸਤ ਨਾਹਨ (ਹਿਮਾਚਲ) ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਨੂੰ ਪ੍ਰਵਾਨ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਨਾਹਨ ਗਏ। ਗੁਰੂ ਜੀ ਦਾ ਸ਼ਰਧਾਲੂ ਰਾਜਾ ਮੇਦਨੀ ਪ੍ਰਕਾਸ਼ ਚਾਹੁੰਦਾ ਸੀ ਕਿ ਉਹ ਆਪਣਾ ਨਿਵਾਸ ਉਸ ਦੀ ਰਿਆਸਤ ਵਿਚ ਹੀ ਕਰ ਲੈਣ। ਉਸ ਨੇ ਗੁਰੂ ਜੀ ਨੂੰ ਕਈ ਸਥਾਨ ਵਿਖਾਏ। ਇਕ ਦਿਨ ਸੈਰ ਕਰਦੇ ਹੋਏ ਗੁਰੂ ਜੀ ਨੇ ਜਮਨਾ ਕਿਨਾਰੇ ਰਮਣੀਕ ਥਾਂ ਪਸੰਦ ਕੀਤੀ।ਸਰਬੰਸਦਾਨੀ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜ਼ਿਲ੍ਹਾ ਸਿਰਮੌਰ ਰਿਆਸਤ ਨਾਹਨ (ਹਿਮਾਚਲ) ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਨੂੰ ਪ੍ਰਵਾਨ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਨਾਹਨ ਗਏ। ਗੁਰੂ ਜੀ ਦਾ ਸ਼ਰਧਾਲੂ ਰਾਜਾ ਮੇਦਨੀ ਪ੍ਰਕਾਸ਼ ਚਾਹੁੰਦਾ ਸੀ ਕਿ ਉਹ ਆਪਣਾ ਨਿਵਾਸ ਉਸ ਦੀ ਰਿਆਸਤ ਵਿਚ ਹੀ ਕਰ ਲੈਣ। ਉਸ ਨੇ ਗੁਰੂ ਜੀ ਨੂੰ ਕਈ ਸਥਾਨ ਵਿਖਾਏ। ਇਕ ਦਿਨ ਸੈਰ ਕਰਦੇ ਹੋਏ ਗੁਰੂ ਜੀ ਨੇ ਜਮਨਾ ਕਿਨਾਰੇ ਰਮਣੀਕ ਥਾਂ ਪਸੰਦ ਕੀਤੀ। ਇਸ ਜਗ੍ਹਾ ਗੁਰੂ ਜੀ ਦੇ ਨਿਵਾਸ ਤੇ ਡੇਰੇ ਦੀ ਰੱਖਿਆ ਵਾਸਤੇ ਕਿਲ੍ਹਾ ਉਸਾਰਨ ਦੀ ਵਿਉਂਤ ਬਣਾਈ ਗਈ। ਸੰਨ 1685 ’ਚ ਸ੍ਰੀ ਪਾਉਂਟਾ ਸਾਹਿਬ ਦੀ ਨੀਂਹ ਰੱਖੀ ਗਈ। ਗੁਰੂ ਜੀ ਨੇ ਜਾਪ ਸਾਹਿਬ ਤੇ ਹੋਰ ਬਾਣੀ ਵੀ ਇੱਥੇ ਹੀ ਉਚਾਰੀ। ਇਸੇ ਹੀ ਪਾਵਨ ਧਰਤੀ ’ਤੇ ਦਸਮ ਪਿਤਾ ਦੇ 52 ਦਰਬਾਰੀ ਕਵੀਆਂ ਦੀ ਸਭਾ ਲੱਗਦੀ ਰਹੀ। ਗੁਰੂ ਗੋਬਿੰਦ ਸਿੰਘ ਜੀ ਨੇ 1685 ਤੋਂ 1689 ਤੱਕ ਤਕਰੀਬਨ ਚਾਰ ਸਾਲ ਇਸ ਅਸਥਾਨ ’ਤੇ ਟਿਕਾਣਾ ਕੀਤਾ। ਇਸੇ ਹੀ ਅਸਥਾਨ ’ਤੇ ਉਨ੍ਹਾਂ ਨੂੰ 1687 ’ਚ ਭੰਗਾਣੀ ਦਾ ਯੁੱਧ ਵੀ ਲੜਨਾ ਪਿਆ ਅਤੇ ਸੱਯਦ ਪੀਰ ਬੁੱਧੂ ਸ਼ਾਹ ਜੀ ਨੇ ਆਪਣੇ ਬੇਟੇ ਗੁਰੂ ਜੀ ਤੋਂ ਕੁਰਬਾਨ ਕਰ ਕੇ ਗੁਰੂ ਜੀ ਤੋਂ ਕੰਘੇ ਸਮੇਤ ਵਿਚ ਫਸੇ ਕੇਸਾਂ ਦੀ ਦਾਤ ਮੰਗੀ। ਸੋ, ਕੁਝ ਸਮੇਂ ਵਿਚ ਹੀ ਪਾਉਂਟਾ ਸਾਹਿਬ ਧਰਮ ਪ੍ਰਚਾਰ, ਸਾਹਿਤ ਰਚਨਾ, ਵਿੱਦਿਆ ਅਤੇ ਫ਼ੌਜੀ ਸਿਖਲਾਈ ਦਾ ਅਹਿਮ ਕੇਂਦਰ ਬਣ ਗਿਆ ਸੀ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਜਨਮ ਵੀ ਮਾਤਾ ਸੁੰਦਰ ਕੌਰ ਦੀ ਪਵਿੱਤਰ ਕੁੱਖੋਂ ਇਸੇ ਅਸਥਾਨ ਉੱਤੇ ਹੋਇਆ। ਭੰਗਾਣੀ ਦੇ ਯੁੱਧ ਤੋਂ ਬਾਅਦ ਜਦੋਂ ਗੁਰੂ ਸਾਹਿਬ ਪਾਉਂਟਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਗਏ ਤਾਂ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਬਾਬਾ ਬਿਸ਼ਨ ਸਿੰਘ ਨੂੰ ਸੌਂਪ ਦਿੱਤਾ। ਬਾਬਾ ਬਿਸ਼ਨ ਸਿੰਘ ਤੋਂ ਬਾਅਦ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਸੇਵਾ-ਸੰਭਾਲ ਦਾ ਪ੍ਰਬੰਧ ਮਹੰਤਾਂ ਰਾਹੀ ਹੁੰਦਾ ਰਿਹਾ ਜਿਨ੍ਹਾਂ ਨੇ ਲਾਲਚ-ਵੱਸ ਹੋ ਕੇ ਬੇਅੰਤ ਕੁਰੀਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਪਤਿਤ ਮਹੰਤ ਗੁਰਦਿਆਲ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਕੀਤੇ ਜਾ ਰਹੇ ਕੁਕਰਮਾਂ ਬਾਰੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਜਥੇਦਾਰ ਬਾਬਾ ਹਰਭਜਨ ਸਿੰਘ ਨੂੰ ਸੰਗਤਾਂ ਰਾਹੀਂ ਪਤਾ ਲੱਗਾ ਤਾਂ ਉਨ੍ਹਾਂ ਨੇ ਪਾਵਨ ਅਸਥਾਨ ਸ੍ਰੀ ਪਾਉਂਟਾ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ ਅਤੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਬਹਾਲ ਕਰਨ ਲਈ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ 101 ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕਰ ਦਿੱਤੀ। 23ਵਾਂ ਸ੍ਰੀ ਅਖੰਡ ਪਾਠ ਸਾਹਿਬ ਚੱਲ ਰਿਹਾ ਸੀ। ਬਾਈ ਮਈ 1964 ਮੰਗਲਵਾਰ ਵਾਲੇ ਦਿਨ ਸਵੇਰੇ ਹੀ ਤਹਿਸੀਲਦਾਰ ਆਇਆ ਤੇ ਸਿਰਮੌਰ ਦੇ ਪ੍ਰਸ਼ਾਸਨ ਨੇ ਰੈਸਟ ਹਾਊਸ ’ਚ ਬੁਲਾ ਕੇ ਬਾਬਾ ਹਰਭਜਨ ਸਿੰਘ ਨੂੰ ਧੋਖੇ ਨਾਲ ਗ੍ਰਿਫ਼ਤਾਰ ਕਰ ਲਿਆ। ਮਿਸਟਰ ਚੰਡੇਲ ਨੇ ਪੁਲਿਸ ਬਲ ਲੈ ਕੇ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਨੂੰ ਘੇਰਾ ਪਾ ਲਿਆ ਤੇ ਸਿੰਘਾਂ ਨੂੰ ਬਾਹਰ ਆਉਣ ਦੀ ਚਿਤਾਵਨੀ ਦਿੱਤੀ। ਉਸ ਵੇਲੇ ਗੁਰਦੁਆਰਾ ਸਾਹਿਬ ਅੰਦਰ 15 ਕੁ ਸਿੱਖ ਹਾਜ਼ਰ ਸਨ। ਇਸ ਸ਼ਹੀਦੀ ਸਾਕੇ ਦੇ ਚਸ਼ਮਦੀਦ ਗਵਾਹ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲੇ ਜੋ ਕਿ ਉਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਕਰਨ ਦੀ ਸੇਵਾ ਕਰ ਰਹੇ ਸਨ ਅਤੇ ਤਿੰਨ ਗੋਲ਼ੀਆਂ ਲੱਗਣ ਕਰਕੇ ਜ਼ਖ਼ਮੀ ਹੋ ਗਏ ਸਨ, ਦੇ ਦੱਸਣ ਮੁਤਾਬਕ ਪੁਲਿਸ ਤੇ ਮਹੰਤ ਗੁਰਦਿਆਲ ਸਿੰਘ ਦੇ ਹਥਿਆਰਬੰਦ ਬਦਮਾਸ਼ਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਕਰ ਰਹੇ ਨਿਹੰਗ ਸਿੰਘਾਂ ’ਤੇ ਅੰਨ੍ਹੇਵਾਹ ਚਲਾਈ ਗਈ ਗੋਲ਼ੀ ਦੌਰਾਨ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਦੇ 11 ਨਿਹੰਗ ਸਿੰਘ ਸ਼ਹੀਦ ਹੋ ਗਏ ਜਿਨ੍ਹਾਂ ’ਚ ਭਾਈ ਪ੍ਰੀਤਮ ਸਿੰਘ ਫ਼ਤਹਿਪੁਰ ਕੋਠੀ (ਹੁਸ਼ਿਆਰਪੁਰ), ਭਾਈ ਮੰਗਲ ਸਿੰਘ ਬਜਰੌਰ ਹੁਸ਼ਿਆਰਪੁਰ, ਭਾਈ ਹਰਭਜਨ ਸਿੰਘ ਚੌਹੜਾ, ਭਾਈ ਦਲੀਪ ਸਿੰਘ, ਭਾਈ ਉਦੈ ਸਿੰਘ ਮੱਤੇਵਾਲ ਅੰਮ੍ਰਿਤਸਰ, ਭਾਈ ਸੰਤੋਖ ਸਿੰਘ ਅੰਮ੍ਰਿਤਸਰ, ਭਾਈ ਲਾਲ ਸਿੰਘ ਫਿਰੋਜ਼ਪੁਰ, ਭਾਈ ਧੰਨਾ ਸਿੰਘ ਭਦੌੜ, ਬਾਬਾ ਸੂਬੇਦਾਰ, ਬਾਬਾ ਨਾਮਧਾਰੀਆ ਤੇ ਇਕ ਯਾਤਰੀ ਸਿੰਘ ਸ਼ਾਮਲ ਸਨ। ਪੁਲਿਸ ਤੇ ਮਹੰਤ ਗੁਰਦਿਆਲ ਸਿੰਘ ਦੇ ਬਦਮਾਸ਼ਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਕਰ ਰਹੇ ਨਿਹੰਗ ਸਿੰਘਾਂ ’ਤੇ ਅੰਨ੍ਹੇਵਾਹ ਚਲਾਈ ਗਈ ਗੋਲ਼ੀ ਕਾਰਨ ਜੋ ਨਿਹੰਗ ਸਿੰਘ ਜ਼ਖ਼ਮੀ ਹੋਏ, ਉਨ੍ਹਾਂ ’ਚ ਖ਼ੁਦ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲੇ, ਭਾਈ ਅਜੀਤ ਸਿੰਘ ਹੁਸ਼ਿਆਰਪੁਰ, ਭਾਈ ਗੁਰਬਚਨ ਸਿੰਘ ਘਾਗੋਂ ਰੋੜਾਂਵਾਲੀ ਆਦਿ ਸ਼ਾਮਲ ਸਨ। ਇਸ ਸਾਕੇ ’ਚ ਸ਼ਹੀਦ ਹੋਏ ਸਮੂਹ ਨਿਹੰਗ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨ ਲਈ 22 ਮਈ, ਸ਼ੁੱਕਰਵਾਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਪਾਉਂਟਾ ਸਾਹਿਬ, ਸ਼੍ਰੋਮਣੀ ਕਮੇਟੀ ਤੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵੱਲੋਂ ਜਥੇਬੰਦੀ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਦੀ ਅਗਵਾਈ ’ਚ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਜੋੜ ਮੇਲਾ ਮਨਾਇਆ ਜਾ ਰਿਹਾ ਹੈ।

**-ਰਾਜਾ ਸਿੰਘ ਪੱਟੀ, ਚੱਬੇਵਾਲ**

# ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਸਬੰਧੀ ਸਿੱਖਾਂ ਦੇ ਇਤਰਾਜ਼ਾਂ ਸਬੰਧੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵਿਚਕਾਰ ਮੁਲਾਕਾਤ

ਲੁਧਿਆਣਾ-ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਤਿੰਨੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਬਾਰੇ ਗੰਭੀਰ ਵਿਚਾਰ ਚਰਚਾ ਕੀਤੀ। ਮੁਲਾਕਾਤ ਲੁਧਿਆਣਾ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਆਲਮਗੀਰ ਵਿਖੇ ਹੋਈ, ਜਿੱਥੇ ਰਾਜਪਾਲ ਕਟਾਰੀਆ ਅੱਜ ਨਤਮਸਤਕ ਹੋਣ ਲਈ ਪੁੱਜੇ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਰਾਜਪਾਲ ਕਟਾਰੀਆ ਦਾ ਸਵਾਗਤ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਗੁਰਦੁਆਰਾ ਮੈਨੇਜਰ ਦੇ ਦਫ਼ਤਰ ਵਿਖੇ ਰਾਜਪਾਲ ਨੂੰ ਸਿਰੋਪਾਓ ਤੇ ਸਨਮਾਨ ਦਿੱਤਾ ਗਿਆ।ਜਥੇਦਾਰ ਗੜਗੱਜ, ਰਾਜਪਾਲ ਕਟਾਰੀਆ ਅਤੇ ਐਡਵੋਕੇਟ ਧਾਮੀ ਵਿਚਕਾਰ ਤਕਰੀਬਨ 20 ਮਿੰਟ ਸਤਿਕਾਰ ਸੋਧ ਐਕਟ ਬਾਰੇ ਗੰਭੀਰ ਵਿਚਾਰ ਹੋਈ। ਜਥੇਦਾਰ ਗੜਗੱਜ ਅਤੇ ਐਡਵੋਕੇਟ ਧਾਮੀ ਨੇ ਰਾਜਪਾਲ ਪੰਜਾਬ ਨੂੰ ਕਾਨੂੰਨੀ ਸੋਧ ਵਿੱਚ ਸਰਕਾਰ ਵੱਲੋਂ ਪਾਈਆਂ ਗਈਆਂ ਇਤਰਾਜ਼ਯੋਗ ਮੱਦਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਜਥੇਦਾਰ ਗੜਗੱਜ ਵੱਲੋਂ ਰਾਜਪਾਲ ਕਟਾਰੀਆ ਨੂੰ ਇੱਕ ਵਿਸ਼ੇਸ਼ ਪੱਤਰ ਵੀ ਦਿੱਤਾ ਗਿਆ ਜਿਸ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਅਧਿਕਾਰਤ ਰੂਪ ਵਿੱਚ ਭੇਜੇ ਗਏ ਇਤਰਾਜ਼ਾਂ ਦਾ ਖਰੜਾ ਵੀ ਸ਼ਾਮਲ ਕੀਤਾ ਹੈ। ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਜਦੋਂ ਤੋਂ ਇਹ ਕਾਨੂੰਨ ਆਇਆ ਹੈ ਉਦੋਂ ਤੋਂ ਹੀ ਕਈ ਤਰ੍ਹਾਂ ਦੀਆਂ ਟਿੱਪਣੀਆਂ ਅਤੇ ਬਿਆਨ ਸਾਹਮਣੇ ਆ ਰਹੇ ਹਨ। ਉਹ ਸੋਚ ਰਹੇ ਹਨ ਕਿ ਇਸ ਵਿਸ਼ੇ ਉੱਤੇ ਉਨ੍ਹਾਂ (ਪੰਜਾਬ ਸਰਕਾਰ) ਨੂੰ ਬੁਲਾ ਕੇ ਗੱਲਬਾਤ ਕਰਨਗੇ ਤਾਂ ਜੋ ਇਸ ਮਾਮਲੇ ਦਾ ਹੱਲ ਨਿਕਲੇ।



# ਗੁਰਬਾਣੀ ਵਿੱਚ ਗੁਰਮੁਖ ਦਾ ਸੰਕਲਪ



ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ।।
ਸਾਕਤ (ਅਭਿਮਾਨੀ) ਸਚੁ ਨ ਭਾਵਈ ਕੂੜੈ ਕੂੜੀ ਪਾਂਇ।।ਅੰਗ-22

ਗੁਰਮੁਖ ਉਹ ਸਜਣ ਪੁਰਸ਼ ਹੈ ਜਿਸ ਦਾ ਮੁਖ ਹਮੇਸ਼ਾ ਆਪਣੇ ਗੁਰੂ ਵਲ ਰਹਿੰਦਾ ਹੈ, ਉਹ ਗੁਰੂ ਦੀ ਸਿੱਖਿਆ ਦਾ ਸਤਿਕਾਰ ਕਰਦਾ ਹੈ, ਗੁਰੂ ਵੱਲੋਂ ਦਰਸਾਈ ਮਤ ਦੇ ਤਾਬੇ ਆਪਣੀ ਜ਼ਿੰਦਗੀ ਦਾ ਹਰ ਕਰਮ ਕਰਦਾ ਹੋਇਆ ਉਸ ਦੀ ਮਹਾਨਤਾ ਅਤੇ ਸਰਬ-ਸ਼ਕਤੀਮਾਨਤਾ ਅਗੇ ਸਿਰ ਨਿਵਾਉਂਦਾ ਹੈ। ਉਹ ਕਦੇ ਆਪਣੀ ਨਿਜਤਾ ਨੂੰ, ਆਪਣੀ ਜ਼ਾਤੀ ਮਤ ਨੂੰ ਆਪਣੇ ਗੁਰੂ, ਆਪਣੇ ਇਸ਼ਟ ਦੀ ਮਤ ਤੋਂ ਉੱਚਾ ਨਹੀਂ ਸਮਝਦਾ ਸਗੋਂ ਇਸ ਤਰ੍ਹਾਂ ਸੋਚ ਤਕ ਵੀ ਨਹੀਂ ਸਕਦਾ। ਗੁਰੂ ਦੇ ਪਾਏ ਪੂਰਨਿਆਂ ਤੇ ਚਲਣ ਵਿਚ ਉਸ ਨੂੰ ਇਲਾਹੀ ਖੁਸ਼ੀ ਪ੍ਰਤੀਤ ਹੁੰਦੀ ਹੈ ਭਾਵੇਂ ਉਹ ਪੰਥ, ਉਹ ਰਾਹ, ਉਹ ਮਾਰਗ ਕਿਤਨਾ ਹੀ ਦੁਸ਼ਵਾਰ, ਬਿਖੜਾ ਤੇ ਜੋਖ਼ਮ ਭਰਿਆ ਕਿਉਂ ਨਾ ਹੋਵੇ। ਉਹ ਆਪਣੇ ਮੁਰਸ਼ਦ ਦੀ ਆਗਿਆ ਵਿਚ ਬੰਦ ਬੰਦ ਕਟਵਾ ਦੇਣ, ਦੇਗਾਂ ਵਿਚ ਉਬਲ ਜਾਣ, ਚਰਖੜੀਆਂ ਤੇ ਚੜ੍ਹ ਜਾਣ ਵਿਚ ਇਕ ਅਦੁੱਤੀ ਖੇੜਾ ਪ੍ਰਤੀਤ ਕਰਦਿਆਂ ਪੁਰਜ਼ਾ ਪੁਰਜ਼ਾ ਕਟਵਾ ਕੇ ਵੀ ਕਦੇ ਰਣ ਭੂਮੀ ਤੋਂ ਪਿੱਠ ਨਹੀਂ ਦਖਾਉਂਦਾ। ਉਸ ਨੂੰ ਗੁਰੂ ਦੀ ਸ਼ਰਨ ਵਿਚ ਜੀਣ ਵਿਚ ਵੀ ਸਵਾਦ ਆਉਂਦਾ ਹੈ ਅਤੇ ਗੁਰੂ ਦੇ ਹੁਕਮ ਵਿਚ ਆਪਾ ਵਾਰਨ ਵਿਚ ਉਸ ਤੋਂ ਵੀ ਵੱਧ ਆਨੰਦ ਮਹਿਸੂਸ ਹੁੰਦਾ ਹੈ। ਅਜਿਹੇ ਗੁਰਮੁਖ ਜਾਂ ਗੁਰਸਿਖ ਲਈ ਗੁਰਬਾਣੀ ਵਿਚ ਬੜਾ ਜ਼ਾਬਤਾ-ਬੱਧ ਜੀਵਨ ਜੀਣ ਦੀ ਤਾਕੀਦ ਹੈ। ਉਸ ਦੀ ਨਿਤ ਦੀ ਕਿਰਿਆ ਗੁਰੂ ਰਾਮਦਾਸ ਜੀ ਵਲੋਂ ਉਲੇਖੇ ਗਏ ਅਨੁਸਾਰ ਅੰਮ੍ਰਿਤ ਵੇਲੇ ਪਾਰੰਭ ਹੁੰਦੀ ਹੈ ਜਦ ਉਸ ਨੇ ਇਸ਼ਨਾਨ ਪਾਣੀ ਕਰਕੇ, ਸਵੱਛ ਹੋ ਕੇ ਵਾਹਿਗੁਰੂ ਦਾ ਨਾਮ ਧਿਆਉਣਾ ਹੈ, ਨਾਮ ਦੇ ਸਰੋਵਰ ਵਿਚ ਟੁਭੀਆਂ ਲਾਉਣੀਆਂ ਹਨ, ਬੈਠਦਿਆਂ ਉਠਦਿਆਂ ਨਾਮ ਨਾਲ ਲਿਵ ਜੋੜੀ ਰਖਣੀ ਹੈ। ਜਿਹੜਾ ਗੁਰਸਿੱਖ ਇਵੇਂ ਕਰਦਾ ਹੈ ਉਹ ਹਰੀ ਪ੍ਰਭੂ ਨੂੰ ਬਹੁਤ ਭਾਉਂਦਾ ਹੈ। ਗੁਰੂ ਤਾਂ ਅਜਿਹੇ ਗੁਰਮੁਖ ਤੋਂ ਵਾਰਨੇ ਜਾਂਦਾ ਹੈ ਜਿਹੜਾ ਵਾਹਿਗੁਰੂ ਦਾ ਨਾਂ ਆਪ ਜਪਦਾ ਹੈ ਅਤੇ ਹੋਰਨਾਂ ਨੂੰ ਵੀ ਅਜਿਹਾ ਕਰਨ ਦੀ ਪ੍ਰੇਰਨਾ ਦੇਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਗ-305/306 ਤੇ ਇਨ੍ਹਾਂ ਭਾਵਾਂ ਵਾਲਾ ਸਮੁੱਚਾ ਸ਼ਬਦ ਅੰਕਤ ਹੈ ਜਿਸ ਦੀ ਪਹਿਲੀ ਪੰਗਤੀ ਇਵੇਂ ਹੈ :
'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ।'
ਗੁਰੂ ਸਾਹਿਬ ਇਸੇ ਸ਼ਬਦ ਦੀ ਅਗਲੀ ਪਉੜੀ ਵਿਚ ਇਹ ਵੀਫਰਮਾਣ ਕਰਦੇ ਹਨ ਕਿ ਜਿਹੜਾ ਸਿੱਖ ਅਜਿਹਾ ਨਹੀਂ ਕਰਦਾ ਅਤੇ ਆਪਣੇ ਗੁਰੂ ਨੂੰ ਸੇਵਣ ਤੋਂ ਬਿਨਾਂ ਹੀ ਖਾਂਦਾ, ਪੀਂਦਾ ਤੇ ਪਹਿਨਦਾ ਹੈ ਉਸ ਦਾ ਜੀਣਾ ਕਿਸੇ ਕੰਮ ਨਹੀਂ। ਉਹ ਜੀਂਦਾ ਵੀ ਮਰਿਆ ਹੋਇਆ ਹੈ ਅਤੇ ਤੰਦਰੁਸਤ ਹੋਣ ਦੇ ਬਾਵਜੂਦ ਕੋਹੜਾ ਹੈ। ਜਿਹੜਾ ਗੁਰਮੁਖ ਨਾ ਹੋ ਕੇ ਆਪ ਹੁਦਰਾ ਹੈ, ਸਪੱਸ਼ਟ ਹੈ ਉਸ ਦੇ ਸਿਰ ਤੇ ਕੋਈ ਕੁੰਡਾ ਨਹੀਂ, ਇਸ ਲਈ ਬੁਰਾ ਕੰਮ ਕਰਨ ਲੱਗਿਆਂ ਉਸ ਨੂੰ ਕੋਈ ਹੋੜਨ ਵਾਲਾ ਨਹੀਂ ਜਿਸ ਕਰਕੇ ਉਸ ਨੇ ਤਾਂ ਸਾਰਾ ਦਿਨ ਆਪਣੇ ਮਨ ਦੇ ਮਾੜੇ ਵੇਗਾਂ ਦੇ ਪ੍ਰਭਾਵ ਥੱਲੇ ਆ ਕੇ ਕੁਕਰਮ ਹੀ ਕਰਨੇ ਹਨ ਜਾਂ ਫਿਰ ਚੁਗ਼ਲੀ, ਨਿੰਦਾ, ਬਖ਼ੀਲੀ ਵਿਚ ਹੀ ਸਮਾਂ ਬਰਬਾਦ ਕਰਨਾ ਹੈ। ਆਪਣੇ ਇਸ ਵਿਹਾਰ ਅਤੇ ਸੁਭਾਅ ਕਾਰਨ ਉਸ ਦਾ ਇਸ ਜਹਾਨ ਵਿਚ ਵੀ ਮੂੰਹ ਕਾਲਾ ਹੁੰਦਾ ਹੈ ਤੇ ਅਗਲੇ ਜਹਾਨ ਵਿਚ ਵੀ ਉਸ ਦੀ ਇਹੀ ਦੁਰਦਸ਼ਾ ਹੁੰਦੀ ਹੈ ਤੇ ਇਵੇਂ ਉਸ ਨੂੰ ਢੋਈ ਕਿਧਰੇ ਵੀ ਨਹੀਂ ਮਿਲਦੀ।ਇਸ ਲਈ ਗੁਰਮੁਖ ਨੇ ਅਜਿਹੀ ਖੁਲ੍ਹ ਨਹੀਂ ਲੈਣੀ ਤੇ ਆਪਣੇ ਮਨ ਤੇ ਅੰਕੁਸ਼ ਲਗਾ ਕੇ ਉਸ ਦਾ ਇਕ ਸਿਰਾ ਆਤਮਾ ਨਾਲ ਜੋੜ ਕੇ ਅਕਾਲ ਉਸਤਤ ਵਲ ਲਗਾਉਣਾ ਹੈ ਅਤੇ ਦੂਜਾ ਸਿਰਾ ਦੁਨੀਆ ਵਿਚ ਜੋੜ ਕੇ ਕਿਰਤ ਕਮਾਈ ਕਰਕੇ ਆਪਣੀ ਗੁਜ਼ਰਾਨ ਕਰਨੀ ਹੈ। ਦੁਨੀਆ ਦਾ ਤਿਆਗ ਨਹੀਂ ਕਰਨਾ ਸਗੋਂ ਇਸ ਵਿਚ ਇਕ ਕੰਵਲ ਦੇ ਫੁਲ ਵਾਂਗਰਾ ਰਹਿਣਾ ਹੈ। ਸੁੱਚੀ ਕਿਰਤ ਕਰਨੀ ਹੈ ਅਤੇ ਆਪਣੀ ਘਾਲ ਕਮਾਈ ਵਿਚੋਂ ਕੁਝ ਦੂਜੇ ਗਰਜ਼ਮੰਦ ਨੂੰ ਵੀ ਦੇਣਾ ਹੈ। ਇਸ ਤਰ੍ਹਾਂ ਉਸ ਦੀ ਬਿਰਤੀ ਵਿਚ ਸਦਾਚਾਰੀ ਗੁਣਾਂ ਦਾ ਵਾਧਾ ਹੁੰਦਾ ਰਹੇਗਾ ਅਤੇ ਅਕਾਲਪੁਰਖ ਦੀ ਸਾਰੀ ਮਾਨਵ ਸੰਤਾਨ ਨਾਲ ਉਸ ਦੇ ਭਰਾਤਰੀ ਭਾਵ ਵਿਕਸਤ ਹੋਣਗੇ, ਪ੍ਰੇਮ ਪਿਆਰ ਵਧੇਗਾ ਅਤੇ ਉਹ ਦੁਨੀਆ ਵਿਚ ਲੁਟ-ਖਸੁਟ ਮਾਰ ਧਾੜ ਤੋਂ ਦੂਰ ਰਹੇਗਾ। ਗੁਰਮੁਖ ਲਈ ਪ੍ਰਪੱਕ ਹਦਾਇਤ ਹੈ ਕਿ ਦੂਜੇ ਦਾ ਹੱਕ ਮਾਰਨਾ ਉਸ ਲਈ ਹਰਾਮ ਹੈ ਜਿਵੇਂ ਮੁਸਲਮਾਨ ਨੂੰ ਸੂਰ ਖਾਣਾ ਤੇ ਹਿੰਦੂ ਨੂੰ ਗਊ ਖਾਣਾ ਹਰਾਮ ਹੁੰਦਾ ਹੈ। ਗੁਰਬਾਣੀ ਅਨੁਸਾਰ ਗੁਰਮੁਖ ਇਤਨਾ ਵਧੀਆ ਹਿਤਕਾਰੀ ਪੁਰਸ਼ ਹੈ ਕਿ ਉਸ ਵਰਗਾ ਕੋਈ ਹੋਰ ਹੋ ਹੀ ਨਹੀਂ ਸਕਦਾ। ਗੁਰੂ ਗ੍ਰੰਥ ਸਾਹਿਬ ਵਿੱਚ ਘੱਟੋ ਘੱਟ 800 ਪੰਗਤੀਆਂ ਅਜਿਹੀਆਂ ਹਨ ਜਿਹੜੀਆਂ 'ਗੁਰਮੁਖ' ਸ਼ਬਦ ਨਾਲ ਪ੍ਰਾਰੰਭ ਹੁੰਦੀਆਂ ਹਨ ਅਤੇ ਉਨ੍ਹਾਂ ਵਿੱਚ ਗੁਰਮੁਖ ਦੀ ਘਾੜਤ, ਉਸਦੇ ਕਰਤਵਾਂ, ਉਸਦੇ ਬਹੁ ਪਰਕਾਰੀ ਗੁਣਾਂ ਦਾ ਕਈ ਕਈ ਢੰਗਾਂ ਨਾਲ ਵਰਨਣ ਹੈ ਤਾ ਕਿ ਉਸਨੂੰ ਜਿਸ ਪਰਮ ਸਰੇਸ਼ਟ ਰੂਪ ਵਿੱਚ ਸਿਰਜਿਆ ਤੇ ਸਜਾਇਆ ਗਿਆ ਹੈ ਉਹ ਹਰ ਸਮੇਂ ਉਸ ਤੇ ਪੂਰਾ ਉਤਰ ਸਕੇ ਅਤੇ ਸੰਸਾਰ ਵਿੱਚ ਆਪਣੇ ਉੱਚੇ ਸੁੱਚੇ ਜੀਵਨ ਸਦਕਾ ਦੂਜਿਆਂ ਨੂੰ ਯੋਗ ਪ੍ਰੇਰਨਾ ਅਤੇ ਅਗਵਾਈ ਬਖ਼ਸ਼ਦਾ ਰਹੇ।ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚੋਂ ਸਤਵੀਂ ਵਾਰ ਕੇਵਲ ਗੁਰਮੁਖਾਂ ਦੇ ਗੁਣਾਂ ਪ੍ਰਥਾਇ ਰਚਕੇ ਕਮਾਲ ਕਰ ਦਿੱਤੀ ਹੈ। ਕਿਹੜਾ ਐਸਾ ਗੁਣ ਹੈ ਜੋ ਗੁਰਮੁਖ ਵਿਚ ਨਹੀਂ। ਨਮੂਨੇ ਮਾਤਰ ਉਸ ਦੀਆਂ ਸਿਫਤਾਂ ਇਵੇਂ ਹਨ। ਗੁਰਮੁਖਸ਼ਬਦ ਦੀ ਗਿਆਤ ਵਿਚ ਪ੍ਰੀਤੀ ਕਰਕੇ ਵਾਹਿਗੁਰੂ ਨੂੰ ਜਾਣ ਜਾਂਦੇ ਹਨ। ਉਹ ਦੁਖ ਸੁਖ ਨੂੰ ਸਾਧ ਕੇ, ਹਰਖ ਸੋਗ, ਨਰਕ ਸਵਰਗ, ਪੁੰਨ, ਪਾਪ ਤੋਂ ਨਿਆਰੇ ਹੁੰਦੇ ਹਨ।ਆਧ, ਬਿਆਧ, ਉਪਾਧ ਰੂਪੀ ਤਿੰਨਾਂ ਰੋਗਾਂ ਤੇ ਹਾਵੀ ਹੋ ਕੇ ਉਹ ਸਵਰਗ ਲੋਕ, ਮਾਤ ਲੋਕ ਤੇ ਪਤਾਲ ਲੋਕ ਦਾ ਵੀ ਭੇਤ ਪਾ ਲੈਂਦੇ ਹਨ। ਉਹ ਚੌਹਾਂ ਦਿਸ਼ਾਵਾਂ, ਚਾਰੇ ਯੁਗਾਂ, ਚਾਰੇ ਹੀ ਵਰਣਾਂ ਅਤੇ ਵੇਦਾਂ ਦੀ ਮਨੌਤ ਤੋਂ ਪਾਰ ਰਹਿੰਦੇ ਹਨ। ਉਹ ਪੌਣ ਪਾਣੀ, ਅਗਨੀ, ਧਰਤੀ ਤੇ ਅਕਾਸ਼ ਨੂੰ ਉਲੰਘੇ ਹੁੰਦੇ ਹਨ । ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਤੋਂ ਰਹਿਤ ਹਨ। ਦਿਆ, ਸਤ, ਸੰਤੋਖ ਤੇ ਧਰਮ ਨੂੰ ਧਾਰ ਕੇ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਦੇ ਪਰਮਾਣੀਕ ਸੰਤ ਹਨ। ਗੁਰਬਾਣੀ ਵਿੱਚ ਵੀ ਉਨ੍ਹਾਂ ਬਾਰੇ ਕੀਤੇ ਗਏ ਉਲੇਖ ਅਨੁਸਾਰ ਗੁਰਮੁਖਾਂ ਵਿਚ ਸਬਰ ਤੇ ਸੰਤੋਖ ਇਤਨਾ ਹੁੰਦਾ ਹੈ ਕਿ ਰਸਨਾ ਦੇ 36 ਰਸਾਂ ਤੇ ਵੀ ਉਹ ਹਮੇਸ਼ਾ ਹਾਵੀ ਰਹਿੰਦੇ ਹਨ। ਉਹ ਸਭਭਰਮਾਂ ਵਹਿਮਾਂ ਨੂੰ ਦਲੇਰੀ ਨਾਲ ਤਲਾਂਜ ਕੇ ਕੇਵਲ ਤੇ ਕੇਵਲ ਸਾਧ ਸੰਗਤ ਵਿਚ ਤਤਪਰ ਰਹਿੰਦੇ ਹਨ ਅਤੇ ਉਸ ਦੀ ਵਡਿਆਈ ਤੇ ਮਹੱਤਤਾ ਦੇ ਕਾਇਲ ਹਨ। ਉਨ੍ਹਾਂ ਵਿਚ ਨਾਥਾਂ ਨੂੰ ਨਥ ਕੇ ਹੁਕਮ ਵਿਚ ਤੋਰਨ ਦੀ ਸਮਰੱਥਾ ਹੋਣ ਦੇ ਬਾਵਜੂਦ ਵੀ ਉਹ ਨਿਮਾਣਿਆਂ, ਨਿਤਾਣਿਆਂ ਦਾ ਮਾਣ ਹਨ ਤੇ ਉਨ੍ਹਾਂ ਦੀ ਸਹਾਇਤਾ ਕਰਦੇ ਹਨ ਕਿਉਂਕਿ ਉਹ ਪ੍ਰੇਮ ਭਗਤੀ ਦੇ ਉਪਾਸ਼ਕ ਹਨ। ਉਨ੍ਹਾਂ ਨੇ ਇੰਦਰੀਆਂ ਨੂੰ ਵਸ ਕੀਤਾ ਹੁੰਦਾ ਹੈ, ਸਭ ਦਾਤਾਂ ਦੇ ਸਵਾਮੀ ਹੁੰਦੇ ਹਨ ਫਿਰ ਵੀ ਵਾਹਿਗੁਰੂ ਦੇ ਹੁਕਮ ਵਿਚ ਵਿਘਨ ਨਹੀਂ ਪਾਉਂਦੇ। ਗੁਰੂ ਚਰਨਾਂ ਨਾਲ ਲਿਵ ਜੋੜੀ ਰੱਖਦੇ ਹਨ, ਗੁਰ ਚਰਨਾਂ ਦੀ ਆਪ ਪੂਰੀ ਨਿਸ਼ਠਾ ਤੇ ਲਗਨ ਨਾਲ ਪੂਜਾ ਕਰਦੇ ਹਨ ਅਤੇ ਜਗਿਆਸੂਆਂ ਤੋਂ ਕਰਵਾਉਂਦੇ ਹਨ। ਸਾਧ ਸੰਗਤ ਵਿਚ ਗੁਰੂ ਦੇ ਹੁਕਮ ਦਾ ਵਾਸਾ ਕਰਨ ਵਿਚ ਹਮੇਸ਼ਾ ਪੇਸ਼ ਪੇਸ਼ (ਅੱਗੇ ਅੱਗੇ) ਰਹਿੰਦੇ ਹਨ। ਸੰਖੇਪ ਰੂਪ ਵਿਚ ਭਾਵ ਇਹ ਹੀ ਹੈ ਕਿ ਗੁਰਮੁਖ ਆਪਣੇ ਉੱਚੇ ਸੁੱਚੇ ਕਿਰਦਾਰ ਕਾਰਨ ਆਪ ਵੀ ਸਹਿਜ ਸੁਭਾਏ ਵੱਡੇ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਕੀਰਤੀ ਵੀ ਵਡਿਆਈ ਗ੍ਰਹਿਣ ਕਰ ਲੈਂਦੀ ਹੈ। ਭਾਈ ਗੁਰਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੀ ਚਾਬੀ ਦਾ ਦਰਜਾ ਰਖਦੀ ਹੈ ਇਸ ਲਈ ਇਸ ਵਿਚ ਜੋ ਕੁਝ ਵੀ ਅੰਕਤ ਹੈ ਉਹ ਗੁਰਬਾਣੀ ਦੇ ਕਿਸੇ ਨਾ ਕਿਸੇ ਨੁਕਤੇ ਦੀ ਵਿਆਖਿਆ ਹੈ, ਪ੍ਰੋੜ੍ਹਤਾ ਹੈ। ਗੁਰਮੁਖ ਬਾਰੇ ਇਤਨਾ ਵਿਸਥਾਰ ਭਾਈ ਸਾਹਿਬ ਨੇ ਆਪਣੀਆਂ ਵਾਰਾਂ ਵਿਚ ਅਤੇ ਸਤਿ ਗੁਰਾਂ ਨੇ ਗੁਰਬਾਣੀ ਵਿੱਚ ਦਿੱਤਾ ਹੈ, ਜਿਸ ਨਾਲ ਗੁਰਮੁਖ ਦੀ ਹਸਤੀ ਦਾ ਖਾਕਾ ਖਿਚਣਾ ਸੌਖਾ ਹੋ ਜਾਂਦਾ ਹੈ।ਗੁਰਬਾਣੀ ਵਿਚ ਗੁਰਮੁਖ ਦੀ ਕਰਨੀ, ਉਸ ਦੀ ਕਾਰ, ਉਸ ਦੇ ਵਿਹਾਰ ਬਾਰੇ ਵੀ ਬੜੀਆਂ ਤਾਕੀਦਾਂ ਮੌਜੂਦ ਹਨ। ਗੁਰਮੁਖ ਦੀ ਰਹਿਤ ਕਿਹੋ ਜਹੀ ਹੋਵੇ ਦੇ ਉਤਰ ਵਿਚ ਸਤਿਗੁਰ ਅੰਗ-69 ਤੇ ਫਰਮਾਉਂਦੇ ਹਨ :

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮਰਾਮੁ ਰਮਿਆ ਹੋਇਆ) ਪਛਾਣੀ।।
ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ ।।

ਜਿਸ ਦਾ ਸਰਲ ਅਰਥਾਂ ਵਿਚ ਭਾਵ ਇਹ ਹੈ ਕਿ ਗੁਰਮੁਖ ਸਜਣ ਪੁਰਖ ਹਮੇਸ਼ਾ ਸੁੱਚੇ ਤੇ ਨਿਰਮਲ ਬਚਨਾਂ ਦਾ ਹੀ ਪ੍ਰਯੋਗ ਕਰਦੇ ਹਨ। ਮੰਦੇ ਬੋਲ ਕੁਬੋਲ ਉਨ੍ਹਾਂ ਦੀ ਜ਼ਬਾਨ ਤੇ ਚੜ੍ਹਦੇ ਹੀ ਨਹੀਂ। ਉਹ ਤਾਂ ਹਰ ਸਮੇਂ ਅੰਮ੍ਰਿਤ ਰੂਪੀ ਰਸਭਿੰਨੀ ਬਾਣੀ ਹੀ ਆਪਣੇ ਮੁਖਾਰ ਤੋਂ ਉਚਾਰਦੇ ਹਨ, ਹਰ ਇਕ ਵਿਚ ਅਕਾਲਪੁਰਖ ਦੀ ਜੋਤ ਸਮਝਦੇ ਹੋਏ ਉਸ ਨਾਲ ਪ੍ਰੇਮ ਭਾਵ ਨਾਲ ਪੇਸ਼ ਆਉਂਦੇ ਹਨ। ਉਨ੍ਹਾਂ ਦੇ ਸ਼ੁਭ ਕਰਮਾਂ ਤੇ ਪਵਿੱਤਰ ਕਥਨਾਂ ਦਾ ਉਲੇਖ ਨਹੀਂ ਕੀਤਾ ਜਾ ਸਕਦਾ ਅਤੇ ਉਨ੍ਹਾਂ ਦਾ ਹਰ ਕਰਮ ਗੁਰੂ ਆਸ਼ੇ ਅਨੁਸਾਰ ਹੀ ਅਮਲ ਵਿਚ ਆਉਂਦਾ ਹੈ। ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਹੈ ਕਿ ਜਿਹੜੇ ਮਨਮੁਖ ਗੁਰੂ ਦੀ ਬਾਣੀ, ਗੁਰੂ ਦੇ ਕਥਨਾਂ, ਗੁਰੂ ਦੇ ਉਪਦੇਸ਼ਾਂ ਵਲ ਧਿਆਨ ਨਹੀਂ ਦੇਂਦੇ ਉਹ ਇਹ ਜੀਵਨ ਵਿਅਰਥ ਗਵਾ ਕੇ ਚੌਰਾਸੀ ਦੇ ਗੇੜ ਵਿਚ ਪਏ ਰਹਿੰਦੇ ਹਨ।

ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ।।
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ।।
ਅੰਗ-69

ਇਸ ਲਈ ਗੁਰਮੁਖਾਂ ਦੀ ਕਾਰ ਹੀ ਗੁਰਬਾਣੀ ਗਾਵਣਾ ਤੇ ਸੁਣਾਵਣਾ ਹੈ, ਆਪ ਵੀ ਤਰਨਾ ਹੈ ਤੇ ਹੋਰਾਂ ਦਾ ਵੀ ਨਿਸਤਾਰਾ ਕਰਨਾ ਹੈ। ਗੁਰੂ ਦੀ ਪਵਿੱਤਰ ਬਖਸ਼ਿਸ਼ ਦੁਆਰਾ ਗੁਰਬਾਣੀ ਰੂਪੀ ਸੁੱਚੇ ਚਾਨਣ ਦੀ ਮਦਦ ਨਾਲ ਹੰਕਾਰ ਨੂੰ ਲਭ ਕੇ ਜਾਲਣਾ ਹੈ, ਅੰਤਰ ਹਿਰਦੇ ਨੂੰ ਸ਼ਾਂਤ ਰੱਖਣਾ ਹੈ, ਗੁਰਬਾਣੀ ਰੂਪੀ ਅੰਮ੍ਰਿਤ ਭੁੰਚਣਾ ਹੈ, ਮਾਇਆ ਵਿਚ ਵਿਚਰਦਿਆਂ ਹੋਇਆਂ ਇਸ ਤੋਂ ਬੇਨਿਆਜ਼ ਤੇ ਅਲਿਪਤ ਰਹਿਣਾ ਹੈ, ਇਲਾਹੀ ਸ਼ਬਦ ਨੂੰ ਸਿੰਞਾਪਣਾ ਹੈ, ਪਛਾਣਨਾ ਹੈ, ਕਮਾਉਣਾ ਹੈ, ਸੰਭਾਲਣਾ ਹੈ ਤੇ ਹਰੀ ਦੇ ਗੁਣਾਂ ਦਾ ਗਾਇਣ ਕਰਨਾ ਹੈ। ਗੁਰਮੁਖ ਨੇ ਭਾਣਾ ਮੰਨਣਾ ਹੈ ਕਿਉਂਕਿ ਹੁਕਮ ਹੈ 'ਗੁਰਮੁਖਿ ਹੋਵੈ ਸੁ ਭਾਣਾ ਮੰਨੇ'। ਅਜਿਹਾ ਕੁਝ ਕਰਨ ਨਾਲ 'ਗੁਰਮੁਖਿ ਚੂਕੇ ਆਵਣ ਜਾਣੁ' ਅਤੇ 'ਗੁਰਮੁਖਿ ਪਾਵਹਿ ਦਰਗਹਿ ਮਾਣ'। ਇਸ ਤਰ੍ਹਾਂ 'ਗੁਰਮੁਖਿ ਸਦਾ ਮੁਖ ਊਜਲੇ' ਰਖ ਕੇ ਹਮੇਸ਼ਾ 'ਰੰਗ ਰਾਤੇ' ਰਹਿੰਦੇ ਹਨ। ਅਜਿਹੀ ਅਵਸਥਾ ਦੇ ਧਾਰਨੀ ਗੁਰਮੁਖਾਂ ਦੇ ਬਚਨ ਪਵਿੱਤਰ ਹਨ, ਕਰਮ ਉਤਮ ਹਨ, ਸੋਚ ਨਿਰਮਲ ਹੈ, ਵਿਹਾਰ ਸੁੱਚਾ ਹੈ, ਮਨ ਸ਼ਾਂਤ ਹੈ ਅਤੇ ਆਤਮਿਕ ਬਿਰਤੀ ਨਾਮ ਨਾਲ ਓਤ ਪੋਤ ਹੈ। ਇਸ ਲਈ ਉਹ ਅੰਤ ਕਾਲ ਮੌਤ ਦੀ ਪੀੜ ਤੋਂ ਵੀ ਮੁਕਤ ਹਨ :

ਇਨ੍ਹ ਬਿਧਿ ਪਾਸਾ ਢਾਲਹੁ ਸ਼ਤਰੰਜ ਖੇਡੋ) ਬੀਰ।।
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ।। ਅੰਗ-1185

ਅਜਿਹੇ ਗੁਰਮੁਖਾਂ ਦੀ ਮਹਿਮਾ ਵਿਚ ਗੁਰੂ ਰਾਮਦਾਸ ਜੀ ਇਵੇਂ ਫਰਮਾਣ ਕਰਦੇ ਹਨ :

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ।।
ਹਮ ਤਿਨ ਕੇ ਚਰਣ ਪਖਾਲਦੇ (ਧੋਂਦੇ) ਧੂੜਿ ਘੋਲਿ ਘੋਲਿ ਪੀਜੈ।। ਅੰਗ-726

ਆਓ ਅਸੀਂ ਵੀ ਇਨ੍ਹਾਂ ਉੱਚੇ ਸੁੱਚੇ ਵਿਚਾਰਾਂ ਨਾਲ ਸਜੇ ਪੂਰਨਿਆਂ ਉਤੇ ਚਲੀਏ ਅਤੇ'ਜੀਵਤਿਆ ਮਰੀਐ ਭਉਜਲੁ ਤਰੀਐ'।

**ਸਰੂਪ ਸਿੰਘ ਅਲੱਗ**

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

ਨਾਨਕਸ਼ਾਹੀ ਸੰਮਤ ੫੫੮

## SCAN HERE

FOR ALL SIKH CALENDAR DATES

www.khalsaakhbaar.com

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ

'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

